ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 102
ਨੰਬਰ 14

੩੨ ਸਾਵਣ ਤੋਂ ੧੫ ਭਾਦਰੋਂ ੨੦੭੯ ਬਿ.
16 to 31 August 2022

# ਸਤਿਜੁਗ



10/-

## ਸੰਤ ਹਰਨਾਮ ਸਿੰਘ ਦੀ ਯਾਦ ਵਿੱਚ ਮੇਲਾ, ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਘਰ ਚਰਨ ਪਾਏ।

ਮਿਤੀ: 27.06.2022

















# ਸਤਿਜੁਗ

੩੨ ਸਾਵਣ ਤੋਂ ੧੫ ਭਾਦਰੋਂ ੨੦੭੯ ਬਿ.

16 ਤੋਂ 31 ਅਗਸਤ 2022 ਈ.

ਜਿਲਦ 102, ਨੰਬਰ 14



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ - ਆਜ਼ਾਦੀ ਤਵਾਰੀਖ਼ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ.4

* ਗੁਰਬਾਣੀ ਵਿਆਖਿਆ..........................................6

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ..........................8

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਮਾਜਕ ਦੇਣ
  ਬੂਟਾ ਸਿੰਘ...........................................9

* ਲੀਨ ਤਾਹਿ ਮੈ ਮਾਨੁ
  ਤਾਰਾ ਸਿੰਘ ਅਨਜਾਣ................................11

* ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲੋਕ ਹਿੱਤਕਾਰੀ-ਉਪਯੋਗੀ ਦ੍ਰਿਸ਼ਟੀਕੋਣ
  ਪ੍ਰੋ. ਕਿਰਪਾਲ ਸਿੰਘ ਕਸੇਲ..........................14

* ਗੁਆਚੀ ਮਹਿਕ (ਕਹਾਣੀ)
  ਅਫ਼ਜ਼ਲ ਅਹਿਸਨ ਰੰਧਾਵਾ..........................21

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ.............................24

* **Baba Ram Singh - His Mission**
  **Jagmohan Singh Gill (Kolkata)........................27**

* **A Saga of Sri Satguru Jagjit Singh Ji**
  **Dr. Sharada Jayagovind...........................31**

* ਕਾਵਿ-ਕਿਆਰੀ...............................................33

* ਸੁੱਚੇ - ਮੋਤੀ.................................................35

* ਬੱਚਿਆਂ ਦਾ ਪੰਨਾ.............................................36

* ਖ਼ਬਰਨਾਮਾ...................................................37

* **Matrimonial..............................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਆਜ਼ਾਦੀ ਤਵਾਰੀਖ਼ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ

ਸੰਪਾਦਕੀ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰੂ ਰੂਪ ਵਿੱਚ ਨਾਮਧਾਰੀ ਪੰਥ ਦੀ ਅੱਧੀ ਸਦੀ ਤੋਂ ਵੱਧ ਸਮਾਂ ਅਗਵਾਈ ਕੀਤੀ। ਇਹ ਸਮਾਂ ਹਿੰਦੁਸਤਾਨ ਦੇ ਇਤਿਹਾਸ ਦਾ ਸਭ ਤੋਂ ਵੱਧ ਉੱਥਲ ਪੁੱਥਲ ਵਾਲਾ ਦੌਰ ਸੀ। ਬ੍ਰਿਟਿਸ਼ ਸਰਕਾਰ ਵਿਰੁੱਧ ਲੋਕ ਲਾਮਬੰਧ ਹੋ ਰਹੇ ਸਨ। ਇਕ ਨਵੀਂ ਜਾਗ੍ਰਿਤੀ ਸਾਰੇ ਪਾਸੇ ਪਸਰ ਰਹੀ ਸੀ। ਅੰਗਰੇਜ਼ੀ ਸਰਕਾਰ ਕ੍ਰਾਂਤੀਕਾਰੀਆਂ ਨੂੰ ਰੋਕਣ ਲਈ ਹਰ ਹੀਲਾ ਵਰਤ ਰਹੀ ਸੀ। ਆਜ਼ਾਦੀ ਦੀ ਲਾਟ ਬਾਲਣ ਵਾਲੇ ਪਿੰਡ ਸ੍ਰੀ ਭੈਣੀ ਸਾਹਿਬ ਵਿੱਚ ਬੈਠੀ ਪੁਲਿਸ ਚੌਂਕੀ ਕੂਕਿਆਂ 'ਤੇ ਸਖ਼ਤ ਨਜਰ ਰੱਖ ਰਹੀ ਸੀ। ਦੂਜੇ ਪਾਸੇ ਸਰਕਾਰ ਦੀ ਬੋਲੀ ਬੋਲਣ ਵਾਲੇ ਬਹੁਤ ਸਾਰੇ ਸਿਖ-ਸਰਦਾਰ ਆਪਣੇ ਹੀ ਭਰਾਵਾਂ ਨੂੰ ਫੜਾਉਣ, ਦਬਾਉਣ ਦਾ ਕੰਮ ਕਰ ਰਹੇ ਸਨ। ਦੇਸ਼ ਵਿੱਚ ਅੰਗਰੇਜ਼ੀ ਨੀਤੀ ਤੋਂ ਜਾਣੂੰ ਲੋਕ ਆਜ਼ਾਦੀ ਸੰਘਰਸ਼ ਨੂੰ ਤੇਜ਼ ਕਰਨ ਲਈ ਵੱਖ-ਵੱਖ ਲਹਿਰਾਂ ਨਾਲ ਜੁੜ, ਕੰਮ ਕਰ ਰਹੇ ਸੀ। ਨਾਮਧਾਰੀ ਲਹਿਰ ਇਨ੍ਹਾਂ ਦੇਸ਼ ਭਗਤਾਂ, ਸੂਰਬੀਰਾਂ ਲਈ ਪ੍ਰੇਰਨਾਦਾਇਕ ਸੀ ਤੇ ਸਤਿਗੁਰੂ ਪ੍ਰਤਾਪ ਸਿੰਘ ਰਹਿਨੁਮਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨੌਜਵਾਨਾਂ ਲਈ ਸਾਫ਼ ਤੇ ਸਪੱਸ਼ਟ ਉਪਦੇਸ਼ ਸੀ ਕਿ ਸਿੱਖੀ ਵਿੱਚ ਪ੍ਰਪੱਕ ਹੋ, ਆਪਣੇ ਵਿਰਸੇ ਨੂੰ ਪਹਿਚਾਣੋ, ਤੁਸੀਂ ਕਿੰਨਾ ਦੇ ਵਾਰਸ ਹੋ ਤੇ ਗੁਲਾਮੀ ਤੋਂ ਨਿਯਾਤ ਪਾਉਣ ਲਈ ਦੇਸ਼ 'ਚ ਸੰਘਰਸ਼ ਕਰ ਰਹੀਆਂ ਧਿਰਾਂ ਦਾ ਸਾਥ ਦਿਓ।

ਜਵਾਨੋ ਵਤਨ ਕੋ ਜਵਾਨੀ ਕੀ ਜ਼ਰੂਰਤ ਹੈ।
ਚਮਨ ਕੋ ਖ਼ੂਨ ਕੇ ਰੰਗੀਨ ਪਾਣੀ ਕੀ ਜ਼ਰੂਰਤ ਹੈ।

ਹੈਂ ਫਿਰਤੇ ਰਾਹ ਜ਼ਨ ਅਬ ਪਾਸਬਾਨੀ ਕੀ ਜ਼ਰੂਰਤ ਹੈ।
ਚਮਨ ਵਾਲੋ ਚਮਨ ਕੋ ਬਾਗ਼ਬਾਨੀ ਕੀ ਜ਼ਰੂਰਤ ਹੈ।

ਸਤਿਗੁਰੂ ਜੀ ਦਾ ਮੇਲ ਮਿਲਾਪ ਦੇਸ਼ ਦੀ ਆਜ਼ਾਦੀ ਲਈ ਕੰਮ ਕਰ ਰਹੇ ਹਰ ਵਰਗ ਨਾਲ ਸੀ। 1914 ਈ. ਵਿਚ ਇਕ ਵੱਡੀ ਘਟਨਾ ਵਾਪਰੀ, ਜਿਸ ਨੇ ਗੁਲਾਮ ਮੁਲਕਾਂ ਪ੍ਰਤੀ ਅੰਗਰੇਜ਼ਾਂ ਦੀ ਨਫ਼ਰਤ ਨੂੰ ਉਜਾਗਰ ਕੀਤਾ। ਬਾਬਾ ਗੁਰਦਿੱਤ ਸਿੰਘ ਦੇ ਕਾਮਾਗਾਟਾਮਾਰੂ ਜਹਾਜ ਵਿੱਚ ਸਵਾਰ ਹੋਏ ਪੰਜਾਬੀ ਕਿਸਾਨਾਂ ਨੂੰ ਜਦੋਂ ਬੇਗਾਨਿਆਂ ਨੇ ਆਪਣੀ ਧਰਤੀ ’ਤੇ ਨਾ ਉਤਰਨ ਦਿੱਤਾ ਤੇ ਵਾਪਸ ਕਲੱਕਤੇ ਆਇਆਂ ਦਾ ਅੰਗ੍ਰੇਜ਼ੀ ਹਕੂਮਤ ਨੇ ਗੋਲੀਆਂ ਨਾਲ ਸਵਾਗਤ ਕੀਤਾ। ਇਸ ਘਟਨਾ ਵਿਚ ਮਾਰੇ ਗਏ ਪੰਜਾਬੀ ਕਿਸਾਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਤੋਂ ਪਹਿਲਾਂ ਸ਼ਹੀਦ ਅਤੇ ਸੱਚੇ ਸਿੱਖ ਆਖਿਆ। ਉਸ ਸਮੇਂ ਪੰਜਾਬ ਵਿੱਚ ਬਹੁਤ ਸਾਰੇ ਵੱਡੇ ਅਹੁਦਿਆਂ ਵਾਲੇ ਉਹ ਲੋਕ ਵੀ ਸਨ, ਜੋ ਅੰਗ੍ਰੇਜ਼ ਭਗਤੀ ਦਾ ਸਬੂਤ ਦੇਂਦੇ ਹੋਏ ਇਨ੍ਹਾਂ ਪੰਜਾਬੀ ਸ਼ਹੀਦਾਂ ਖ਼ਿਲਾਫ਼ ਬਿਆਨ ਜਾਰੀ ਕਰ ਰਹੇ ਸਨ ਕਿ ਇਹ ਲੋਕ ਸਿੱਖ ਨਹੀਂ। ਇਸ ਤਰ੍ਹਾਂ ਦੀ ਇਕ ਹੋਰ ਵੱਡੀ ਘਟਨਾ ਵਾਪਰੀ, ਜਿਸ ਵਿਚ ਆਪਣਿਆਂ ਨੇ ਹੀ ਦੇਸ਼ ਅਜ਼ਾਦੀ ਵੱਲ ਵਧ ਰਹੇ ਕਦਮਾਂ ਨੂੰ ਰੋਕਣ ਦਾ ਯਤਨ ਕੀਤਾ।

1929 ਈ. ਵਿੱਚ ਕਾਂਗਰਸ ਨੇ ਆਪਣਾ ਸਾਲਾਨਾ ਸੈਸ਼ਨ ਪੰਜਾਬ ਵਿੱਚ ਲਾਹੌਰ ਰਾਵੀ ਦੇ ਕੰਢੇ ਰੱਖਿਆ। ਇਸ ਸਮਾਗਮ ਦੀ ਵਿਰੋਧਤਾ ਅੰਗਰੇਜ਼ ਪ੍ਰਸਤ ਲੋਕ ਕਰਨ ਲੱਗੇ। ਸਿੱਖਾਂ ਦੇ ਕਈ ਵੱਡੇ ਲੀਡਰ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਤੇ ਬਾਬਾ ਖੜਕ ਸਿੰਘ ਆਦਿ ਨੇ ਇਸ ਸੈਸ਼ਨ ਵਿੱਚ ਸ਼ਾਮਲ ਹੋਣ ਵਾਲਿਆਂ ਖਿਲਾਫ਼ ਫਤਵੇ ਜਾਰੀ ਕੀਤੇ ਤੇ ਇਹ ਗੱਲਾਂ ਆਖੀਆਂ ਕਿ ਜੋ ਇਸ ਸੈਸ਼ਨ ਵਿੱਚ ਜਾਵੇਗਾ ਉਹ ਸਿੱਖ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿੱਥੇ ਇਹ ਸੈਸ਼ਨ ਨੂੰ ਸਫ਼ਲ ਕਰਨ ਲਈ ਪੂਰਨ ਸਹਿਯੋਗ ਦਿੱਤਾ ਉੱਥੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵਧ ਚੜ੍ਹ ਕੇ ਇਸ ਸੈਸ਼ਨ ਦੇ ਭਾਗੀਦਾਰ ਬਣੋ ਤੇ ਦੇਸ਼ ਆਜ਼ਾਦੀ ਲਈ ਰਾਹ ਪੱਧਰਾ ਕਰੋ।

‘ਮਿਲਾਪ’ ਮੈਗਜ਼ੀਨ ਦੇ ਐਡੀਟਰ ਰਣਬੀਰ ਨੇ ਸਤਿਗੁਰੂ ਜੀ ਮੁਤੱਲਕ ਲਿਖਿਆ ਸੀ, “ਇਸ ਮਹਾਨ ਜਜ਼ਬੇ ਕੋ ਔਰ ਜੱਦੋ-ਜਹਿਦ ਕੋ... ਮਹਾਰਾਜ ਪ੍ਰਤਾਪ ਸਿੰਘ ਜੀ ਨੇ ਏਕ ਲਮਹਾ ਕੇ ਲੀਏ ਭੀ ਕਮਜ਼ੋਰ ਨਹੀਂ ਹੋਨੇ ਦੀਆ। ਮੁਲਕ ਕੀ ਜੱਦੋ ਜਹਿਦ ਆਜ਼ਾਦੀ ਮੇਂ ਹਰ ਵਕਤ ਦੇਸ਼ ਭਕਤੋਂ ਕੇ ਸਾਥ ਰਹੇ। ਗਾਂਧੀ ਜੀ ਨੇ ਸਿਵਲ ਨਾ-ਫ਼ੁਰਮਾਨੀ ਕੀ ਤਹਿਰੀਕ ਸ਼ੁਰੂ ਕੀ ਤੋ ਮਹਾਰਾਜ ਪ੍ਰਤਾਪ ਸਿੰਘ ਜੀ ਆਪਣੇ ਲਾਖੋਂ ਨਾਮਧਾਰੀਓਂ ਕੇ ਸਾਥ ਉਨ ਕੇ ਹਮਨਵਾ ਥੇ। ਅਗਰ ਵੋ ਚਾਹਤੇ ਤੋਂ ਅੰਗਰੇਜ਼ ਕੇ ਸਾਥ ਸੌਦਾ ਕਰਕੇ ਕੋਈ ਬੜੀ ਪੁਜੀਸ਼ਨ ਹਾਸਲ ਕਰ ਸਕਦੇ ਥੇ ਲੇਕਿਨ ਐਸੀ ਬਾਤ ਉਨਹੋਂ ਨੇ ਕਭੀ ਸੋਚੀ ਹੀ ਨਹੀਂ।” ਅੰਗਰੇਜ਼ ਨੇ ਪਹਿਲੀ ਅਤੇ ਦੂਜੀ ਜੰਗ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਨਾਲ ਰਾਬਤਾ ਕਰ ਨੌਜਵਾਨਾਂ ਦੀ ਭਰਤੀ ਮੰਗੀ। ਆਪ ਨੇ ਕੋਰੀ ਨਾਂਹ ਹੀ ਨਹੀਂ ਕੀਤੀ ਸਗੋਂ ਆਪਣਾ ਮਕਸਦ ਵੀ ਦੱਸਿਆ ਕਿ ਅਸੀਂ ਤਾਂ ਤੁਹਾਡੇ ਸਦਾ ਵਿਰੋਧੀ ਹਾਂ। ਜਲਦੀ ਹੀ ਦੇਸ਼ ਆਜ਼ਾਦ ਕਰਵਾ ਲਵਾਂਗੇ।

ਦੇਸ਼ ਭਗਤਾਂ ਲਈ ਸ੍ਰੀ ਭੈਣੀ ਸਾਹਿਬ ਪਨਾਹਗਾਹ ਸੀ। ਸਤਿਗੁਰੂ ਜੀ ਦਾ ਮਿਲਾਪ ਇਨ੍ਹਾਂ ਨਾਲ ਹੁੰਦਾ ਰਹਿੰਦਾ ਤੇ ਭਵਿੱਖੀ ਯੋਜਨਾਵਾਂ ਬਾਰੇ ਵਿਚਾਰ-ਵਿਮਰਸ਼ ਚਲਦੇ ਰਹਿੰਦੇ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਜਦੋਂ ਸਤਿਗੁਰੂ ਜੀ ਨੂੰ ਮਿਲਦਾ ਹੈ ਤਾਂ ਝੁਕ ਕੇ ਚਰਨੀਂ ਹੱਥ ਲਾਉਂਦਿਆਂ ਨੂੰ ਰੋਕ ਆਪ ਨੇ ਕਿਹਾ, “ਤੁਸੀਂ ਵੱਡੇ ਹੋ, ਦੇਸ਼ ਭਗਤ ਹੋ, ਤੁਸੀਂ ਇਸ ਤਰ੍ਹਾਂ ਨਾ ਝੁਕੋ।” ਬਾਬਾ ਜੀ ਹੱਥ ਜੋੜ ਕੇ ਕਿਹਾ, “ਤੁਸੀਂ ਦੇਸ਼ ਭਗਤ ਬਣਾਉਣ ਵਾਲੇ ਹੋ।” ਇਸ ਤਰ੍ਹਾਂ ਦੀਆਂ ਪਰਸਪਰ ਮਿਲਣੀਆਂ ਹੁੰਦੀਆਂ ਰਹਿੰਦੀਆਂ ਤੇ ਸਤਿਗੁਰੂ ਜੀ ਨੇ ਨਵੇਂ ਨਿਸ਼ਾਨਿਆਂ ਲਈ ਕ੍ਰਾਂਤੀਕਾਰੀ ਨੌਜਵਾਨਾਂ ਨੂੰ ਪ੍ਰੇਰਦੇ ਰਹਿੰਦੇ। ਲਾਰਡ ਵੇਵਲ ਜੋ ਉਸ ਸਮੇਂ ਭਾਰਤ ਦਾ ਵਾਇਸਰਾਏ ਸੀ ਉਸ ਨੇ ਸਭ ਧਰਮਾਂ ਸੰਪਰਦਾਵਾਂ ਅਤੇ ਰਾਜਨੀਤਿਕ ਆਗੂਆਂ ਦੇ ਚੁਣੀਂਦਾ ਪ੍ਰਤੀਨਿਧਾਂ ਨੂੰ ਸ਼ਿਮਲੇ ਬੁਲਾ ਕਾਨਫ਼ਰੰਸ ਕੀਤੀ। ਇਸ ਵਿੱਚ ਵੱਖ-ਵੱਖ ਆਗੂਆਂ ਵੱਲੋਂ ਆਪਣੇ ਆਪਣੇ ਫ਼ਿਰਕੇ ਜਾਂ ਧਰਮਾਂ ਲਈ ਮੰਗਾਂ ਰੱਖੀਆਂ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪੁੱਛਿਆ ਗਿਆ ਤੁਹਾਡੀ ਕੋਈ ਵਿਸ਼ੇਸ਼ ਮੰਗ ਤਾਂ ਆਪ ਨੇ ਕਿਹਾ, “ਅਸੀਂ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦੇ ਹਾਂ।” ਆਪ ਦਾ ਸਾਰਿਆਂ ਲਈ ਇਹ ਉਪਦੇਸ਼ ਸੀ ਕਿ ਆਜ਼ਾਦੀ ਤੋਂ ਹਰ ਕੁਰਬਾਨੀ ਛੋਟੀ ਹੈ। ਜੀ.ਐਸ. ਛਾਬੜਾ ਲਿਖਦਾ ਹੈ, “ਮਹਾਰਾਜਾ ਪ੍ਰਤਾਪ ਸਿੰਘ ਜੀ ਅਤੇ ਉਨ੍ਹਾਂ ਦੇ ਸਪੁੱਤਰਾਂ ਨੇ ਜ਼ਿੰਦਗੀ ਦੀਆਂ ਮਾਡਰਨ ਲੋੜਾਂ ਨੂੰ ਠੁਕਰਾ ਦਿੱਤਾ ਜੋ ਕਿ ਅੰਗਰੇਜ਼ ਹਕੂਮਤ ਵੱਲੋਂ ਆਪ ਨੂੰ ਮਿਲਣੀਆਂ ਸਨ।” ਅਜ਼ਾਦੀ ਲਈ ਦਿੱਤੇ ਯੋਗਦਾਨ ਵਿਚ ਆਪ ਨੇ ਕੋਈ ਮੰਗ ਨਹੀਂ ਰੱਖੀ ਸਗੋਂ ਇਸ ਗੱਲ ਲਈ ਫ਼ਿਕਰ ਕੀਤੀ, ਜਦੋਂ ਅਸੀਂ ਅਜ਼ਾਦ ਹੋ ਜਾਈਏ ਤਾਂ ਸਾਡੇ ਲੋਕ ਪੂਰਨ ਹੱਕਾਂ ਨਾਲ ਜ਼ਿੰਦਗੀ ਜੀਅ ਸਕਣ। ਰੋਟੀ, ਕੱਪੜਾ, ਮਕਾਨ ਮੁੱਢਲੀਆਂ ਜ਼ਰੂਰਤਤਾਂ ਤੋਂ ਕੋਈ ਵੀ ਦੇਸ਼ ਵਾਸੀ ਵਾਂਝਾ ਨਾ ਰਹੇ।

# ਗੁਰਬਾਣੀ ਵਿਆਖਿਆ - ਜਾਪੁ

**ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥**

ਮਹਾਨ ਦਾਤੇ ਅਤੇ ਬੇਅੰਤ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam udaare. Namastam apaare.**

O great and infinite God! I bow in salutation before you.

O, generous and infinite God! Salutations to You.

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**

ਇਕ ਸਰੂਪ ਹੁੰਦੇ ਹੋਇਆਂ ਅਨੇਕਾਂ ਰੂਪਾਂ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam su eke. Namastam aneke.**

O God- one in diverse forms! I bow in salutation before you.

O, one God of diverse forms! Salutations to You.

**ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥**

ਤੱਤਾਂ ਅਤੇ ਬੰਧਨਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

Namastam abhoote. Namastam ajoope.

God- without elements and bondages! I bow in salutation before you.

**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥**

ਕਰਮਾਂ ਅਤੇ ਭਰਮਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam nrikarme. Namastam nribharme.**

O God -free from action and illusion- I bow in salutation before you.

O, God! free from all *karmas* and doubts, Salutations to You.

**ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥**

ਦੇਸਾਂ ਅਤੇ ਭੇਖਾਂ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**Nmastam nridese. Namastam nribhese. (10)**

O God- free from territory and appearance- I bow in salutation before you.

O, God! not associated with any country and sect, Salutations to You.

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**

ਵਿਸ਼ੇਸ਼ ਪਹਿਚਾਣ ਅਤੇ ਕਾਮਨਾ ਤੋਂ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam nrinaame. Namastam nrikaame.**

O God- without any special identity and desire- I bow in salutation before you.

O, nameless and desireless God! Salutations to You.

**ਨਮਸਤੰ ਨ੍ਰਿਧਾਤੇ॥ਨਮਸਤੰ ਨ੍ਰਿਘਾਤੇ॥੧੧॥**

ਧਾਤਾਂ (ਰਸਾਂ) ਤੋਂ ਰਹਿਤ ਅਤੇ ਅਵਿਨਾਸ਼ੀ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam nridhaate! Namastam nrighaate. (11)**

O God- without juices and eternal one- I bow in salutation before you.

O, invincible God! independent of all elements, Salutations to You.

**ਨਮਸਤੰ ਨ੍ਰਿਧੂਤੇ॥ਨਮਸਤੰ ਅਭੂਤੇ॥**

ਅਚਲ ਤੇ ਅਸਚਰਜ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam nridhoote. Namastam abhoote.**

Steadfast and wondrous God! I bow in salutation before you.

**ਨਮਸਤੰ ਅਲੋਕੇ॥ਨਮਸਤੰ ਅਸੋਕੇ॥੧੨॥**

ਅਦ੍ਰਿਸ਼ ਅਤੇ ਸੋਗ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam aloke. Namastam asoke. (12)**

Invisible and immune to sorrow, O God! I bow in salutation before you.

O, invisible and sorrowless God! Salutations to You.

**ਨਮਸਤੰ ਨ੍ਰਿਤਾਪੇ॥ਨਮਸਤੰ ਅਥਾਪੇ॥**

ਦੁੱਖ ਅਤੇ ਸਥਾਪਨਾ ਰਹਿਤ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam nritaape. Namastam athaape.**

O God- griefless and unestablished! I bow in salutation before you.

O, griefless and self-established God! Salutations to You.

**ਨਮਸਤੰ ਤ੍ਰਿਮਾਨੇ॥ਨਮਸਤੰ ਨਿਧਾਨੇ॥੧੩॥**

ਤਿੰਨਾਂ ਲੋਕਾਂ ਦੇ ਜੀਵਾਂ ਦੇ ਮਾਣ ਅਤੇ ਸਰਬ ਪਦਾਰਥਾਂ ਦੇ ਖ਼ਜ਼ਾਨੇ ਬਖ਼ਸ਼ਣ ਵਾਲੇ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam trimaane. Namastam nidhaane. (13)**

The pride of three worlds and bestower of all bounties,
O God! I bow in salutation before you.

O, benevolent God! revered in the three worlds, Salutations to You.

**ਨਮਸਤੰ ਅਗਾਹੇ॥ਨਮਸਤੰ ਅਬਾਹੇ॥**

ਅਤਾਹ ਤੇ ਸਥਿਰ ਪ੍ਰਭੂ! ਤੈਨੂੰ ਨਮਸਕਾਰ ਹੈ।

**Namastam agaahe.Namastam abaahe.**

Infinite and permanent God! I bow in salutation before you.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸੋ ਭਾਈ, ਨਾਮ ਜਪਿਆ ਕਰੋ। ਸਤਿਗੁਰਾਂ ਦੇ ਵੱਲ ਧਿਆਨ ਕਰੋ, ਸਮਾਂ ਬੜਾ ਭਿਆਨਕ ਆ ਰਿਹਾ ਹੈ। ਪਤਾ ਨਹੀਂ ਮੁੜ ਕੇ ਆਉਣ ਜਾਣ ਦਾ ਇਹ ਸੰਬੰਧ ਖਵਰੇ ਬਣਨਾ ਹੈ ਕਿ ਨਹੀਂ, ਕੋਈ ਇਹਦਾ ਪਤਾ ਨਹੀਂ। ਇਹਦੀ ਬਾਬਤ ਕੁਝ ਨਹੀਂ ਕਹਿ ਸਕਦੇ। ਕਿਉਂਕਿ ਨਰਾਇਣ ਸਿੰਘ ਹੁਰੀਂ ਧੀਰ, ਭੈਣੀ ਸਹਿਬ ਤੋਂ ਤੁਰਨ ਲੱਗੇ, ਜੇਠ ਦਾ ਮਹੀਨਾ ਸੀ, ਮੈਂ ਆਖਿਆ-ਸੇਠ ਜੀ, ਮੇਰਾ ਜੀ ਨਹੀਂ ਕਰਦਾ, ਤੁਸੀਂ ਜਾਂਦੇ ਹੋ।

ਉਹ ਏਥੇ ਆ ਗਏ। ਏਥੇ ਆਇਆ ਤੋਂ ਸੇਠ ਹੁਰਾਂ, ਮਹਿਲ ਸਿੰਘ ਹੁਰਾਂ, ਉਹਨਾਂ ਦੇ ਪਿਤਾ ਜੀ ਚਿੱਠੀ ਲਿਖੀ-ਕਿ ਨਰਾਇਣ ਸਿੰਘ ਬਈ, ਛੇਤੀ ਆ ਜਾ। ਉਹਨਾਂ ਆਖਿਆ-ਪਿਤਾ ਜੀ ਮੈਂ ਹਵਾਈ ਜਹਾਜ਼ ਕਿਰਾਏ 'ਤੇ ਕਰ ਛੱਡਿਆ ਹੈ, ਜਦੋਂ ਭੀ ਰੌਲਾ ਜਾਪਿਆ ਮੈਂ ਉਦੋਂ ਚੜ ਜਾਵਾਂਗਾ! ਕਿਧਰੇ ਜਹਾਜ਼ ਗਿਆ, ਕਿਧਰੇ ਕੁਛ ਗਿਆ, ਏਥੇ ਦੇ ਏਥੇ ਹੀ ਫੱਸ ਗਏ -ਉਸ ਵੇਲੇ।

ਸਾਡੇ ਹਿੰਦੁਸਤਾਨੀ ਲੀਡਰ ਹੀ ਵਿਦਵਾਨ ਨਹੀਂ, ਇਹ ਉਹਨਾਂ ਨਾਲੋਂ ਭੀ ਵਿਦਵਾਨ ਨੇ ਜਿਹਨਾਂ ਨੇ ਅੰਗਰੇਜ਼ਾਂ ਦੀ ਨੀਤੀ ਨੂੰ ਉਲਟਾ ਕੇ ਰਾਜ ਲਿਆ ਔਰ ਉਹਨਾਂ ਨੂੰ ਕੱਢਿਆ। ਇੱਕ ਉੱਤੇ ਦੀ ਸ਼ਕਤੀ ਹੈ ਜਿਹੜੀ ਸਭ ਕਰਨ ਵਾਲੀ ਹੈ, ਜਿਹਦੇ ਵਿੱਚ ਕੋਈ ਆਦਮੀ ਲੱਤ ਨਹੀਂ ਡਾਹ ਸਕਦਾ ਭਾਵੇਂ ਕੁਛ ਭੀ ਕਰੀ ਜਾਏ। ਜੋ ਕੋਈ ਮਰਜ਼ੀ ਹੈ ਕਿਸੇ ਦੀ ਬਣਾਵੇ। ਜਰਮਨ ਨੇ ਲਾਈਨ ਬਣਾਈ, ਕਿੱਡੀ ਮੋਟੀ ਬਣਾਈ ਸੀ, ਪਤਾ ਹੀ ਨਹੀਂ ਲੱਗਿਆ ਕਿਵੇਂ ਟੁੱਟੀ। ਫਰਾਂਸ ਵਾਲੇ ਨੇ ਕਿਹੋ ਜਿਹੀ ਲਾਈਨ ਬਣਾਈ ਸੀ, ਪਤਾ ਹੀ ਨਹੀਂ ਲੱਗਿਆ ਕਿਵੇਂ ਟੁੱਟ ਗਈ। ਤਾਂ ਹੁਣ

ਰੌਲੀ ਪਵੈ ਦੇਸ ਸਬ ਰੁਲੇ।

ਫਿਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅੱਗੇ ਸਿੱਖ ਆ ਕੇ ਕਹਿੰਦੇ ਹਨ- ਕੋਈ ਬਚਾਅ ਦੀ ਸੂਰਤ।

ਭਾਈ, ਬਚਾਅ ਦੀ ਸੂਰਤ ਇੱਕੋ ਹੈ-ਜਿਹੜੇ ਪੁਰਸ਼ ਨਾਮ ਜਪਣਗੇ। ਜਿਸ ਤਰ੍ਹਾਂ ਚੱਕੀ ਵਿੱਚ ਦਾਣੇ ਪਾਈਦੇ ਹਨ ਉਹ ਪੀਸੀਂਦੇ ਜਾਂਦੇ ਹਨ ਪਰ ਜਿਹੜੇ ਕਿੱਲੀ ਦੇ ਨਾਲ ਲੱਗੇ ਹੁੰਦੇ ਨੇ, ਉਹ ਬਚ ਰਹਿੰਦੇ ਨੇ।

ਇਹ ਕਿਸੇ ਦੇ ਪਿਉ ਦਾ ਮੁੱਲ ਨਹੀਂ ਲਿਐ- ਉਹ ਕੂਕਿਆਂ ਦਾ ਨਹੀਂ, ਅਕਾਲੀਆਂ ਦਾ ਨਹੀਂ, ਹਿੰਦੂਆਂ ਦਾ ਨਹੀਂ, ਇਸਾਈਆਂ ਦਾ ਨਹੀ। ਜਿਹੜੇ ਉਹਦਾ ਨਾਮ ਜਪਣ

"ਜੋ ਜਪੈ"

-ਗੁਰੂ ਜੀ ਕਹਿੰਦੇ ਨੇ

"ਤਿਸ ਕੀ ਗਤਿ ਹੋਇ॥"

- ਰਾਮਕਲੀ ਮ:੫, ਪੰਨਾ-੮੯੫

ਸਾਡਾ ਹੁਣ ਫਰਜ਼ ਹੈ ਸਾਨੂੰ ਇਹ ਧਿਆਨ ਦੇਣਾ ਚਾਹੀਦਾ ਹੈ, ਕਿ ਅਸੀਂ ਇੱਕ ਦੂਏ ਨੂੰ ਜ਼ੁਬਾਨੀ ਉਹਦੀਆਂ ਸਿਫਤਾਂ ਨਾ ਕਰੀਏ। ਜੀ ਆਇਆਂ ਨੂੰ ਕਿਹਾ, ਚਾਰ ਕਵਿਤਾ ਪੜੀਆਂ, ਰੱਬ ਤੋਂ ਵੀ ਅਗਾਂਹ ਲੰਘਾ ਦਿੱਤਾ। ਜੇ ਕੰਮ ਕਰਨ ਦਾ ਵੇਲਾ ਆਇਆ, ਕੋਈ ਗੱਲ ਕਰਨ ਦਾ ਤਾਂ ਮਨੁੱਖ ਜਿੰਨੀ ਵੀ ਨਾ ਮੰਨੀ ਕਿਸੇ ਦੀ।

ਬਾਣੀ ਨੂੰ ਪੜ੍ਹਦੇ ਹਾਂ, ਗੁਰੂਆਂ ਨੂੰ ਗੁਰੂ ਕਹਿੰਦੇ ਹਾਂ, ਰੋਜ਼ ਮੱਥੇ ਟੇਕਦੇ ਹਾਂ, ਉਸ ਬਾਣੀ ਨੂੰ ਚੰਗੀ ਭੀ ਜਾਣਦੇ ਹਾਂ ਪਰ ਮੰਨਦੇ ਨਹੀਂ। ਫਿਰ ਉਹੀ ਕੁਛ ਹੈ ਸਾਡਾ ਨਾਮ।

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥

- ਬਿਲਾਵਲ ਮ:੧, ਪੰਨਾ-੮੩੧

..........................................

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਮਾਜਕ ਦੇਣ

**ਬੂਟਾ ਸਿੰਘ**

ਸਮਾਜ ਜ਼ਿੰਦਗੀ ਦਾ ਉਹ ਪੱਧਰ ਹੈ, ਜਿਸ ਦੇ ਹਰ ਕਾਨੂੰਨ ਵਿਚ ਬੱਧਾ ਮਨੁੱਖ ਸੱਟਾਂ ਵੀ ਖਾਂਦਾ ਹੈ, ਪਰ ਉਸ ਨੂੰ ਨਾ ਤਾਂ ਬਦਲ ਸਕਦਾ ਹੈ, ਤੇ ਨਾ ਹੀ ਉਸ ਦੇ ਬਣਿਆਂ ਨਿਯਮਾਂ ਨੂੰ ਤੋੜ ਮੁਕਤੀ ਪ੍ਰਾਪਤ ਕਰ ਸਕਦਾ ਹੈ। ਮਨੁੱਖ ਆਪਣੀ ਤਕਦੀਰ ਨੂੰ ਤਾਂ ਬਦਲ ਲੈਂਦਾ ਹੈ ਪਰ ਸਮਾਜ ਵਿਚ ਕਿਸੇ ਨਵੀਂ ਲੀਹ ਪਾਣ ਤੋਂ ਅਸਮਰਥ ਹੁੰਦਾ ਹੈ। ਇਸੇ ਲਈ ਸਿਆਣਿਆਂ ਨੇ ਮਨੁੱਖ ਨੂੰ ਸਮਾਜਕ ਪ੍ਰਾਣੀ ਕਿਹਾ ਹੈ। ਸਮਾਜ ਦਾ ਤਾਣਾ ਪੇਟਾ ਇਕ ਦਿਨ ਵਿਚ ਤਿਆਰ ਨਹੀਂ ਹੁੰਦਾ ਤੇ ਨਾ ਹੀ ਇਸ ਦੀ ਬਣਤਰ ਇਕ ਮਨੁੱਖ ਦੀ ਬਣਾਈ ਹੋਈ ਹੁੰਦੀ ਹੈ। ਸਾਡਾ ਸਮਾਜ ਸਦੀਆਂ ਦਾ ਬੁੱਢਾ ਹੈ ਤੇ ਇਸ ਵਿਚ ਪਈਆਂ ਕਈ ਤਰੇੜਾਂ ਦਾ ਅਨੁਭਵ ਹਰ ਪ੍ਰਾਣੀ ਮਾਤਰ ਨੂੰ ਨਹੀਂ ਹੁੰਦਾ ਤੇ ਜੇ ਹੁੰਦਾ ਵੀ ਹੈ ਤਾਂ ਇਹ ਗੱਲ ਉਸ ਦੇ ਵਸੋਂ ਬਾਹਰ ਹੁੰਦੀ ਹੈ ਕਿ ਉਹ ਏਡੇ ਵੱਡੇ ਸਮਾਜ ਅੰਦਰ ਪਈਆਂ ਇਨ੍ਹਾਂ ਵੱਡੀਆਂ ਦਰਾਰਾਂ ਨੂੰ ਇਕੱਲਾ ਹੀ ਠੀਕ ਕਰ ਸਕੇ। ਹਰ ਪੈਗੰਬਰ ਨੇ ਸਭ ਤੋਂ ਪਹਿਲਾਂ ਆਪਣੇ ਸਮੇਂ ਦੀ ਹਰ ਕੜੀ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਤੇ ਉਸ ਵਿਚੋਂ ਪੁਗੀਆਂ ਅਤੇ ਪੁਰਾਣੀਆਂ ਉਹਨਾਂ ਕੜੀਆਂ ਨੂੰ ਕੱਢਣ ਦਾ ਯਤਨ ਕੀਤਾ, ਜਿਨ੍ਹਾਂ ਵਿਚ ਇਹ ਸਮਾਜੀ ਜੀਵ ਠੁੰਮਣੇ ਲਾ ਲਾ ਡੰਗ ਟਪਾ ਕੰਮ ਕਰਦੇ ਨੇ। ਇਸ ਲਈ ਹਰ ਵੱਡੀ ਸ਼ਖ਼ਸੀਅਤ ਇਨ੍ਹਾਂ ਰਾਣੇ ਠੁੰਮਣਿਆਂ ਨੂੰ ਕੱਢ ਕੇ ਕਿਸੇ ਨਵੇਂ ਸਮਾਜ ਦੀ ਸਿਰਜਣਾ ਕਰਦੀ ਹੈ। ਨਵੇਂ ਸਮਾਜ ਦੀ ਸਿਰਜਣਾ ਹੁੰਦੀ ਹੈ ਤਾਂ ਇਨ੍ਹਾਂ ਥੰਮਾਂ ਨਾਲ ਪੁਰਾਣੀਆਂ ਚੰਬੜੀਆਂ ਜੋਕਾਂ ਰੌਲਾ ਪਾ ਦੇਂਦੀਆਂ ਨੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਪਈਆਂ ਲੀਹਾਂ ਨੂੰ ਅੱਗੇ ਤੋਰਿਆ ਤੇ ਸਭ ਤੋਂ ਪਹਿਲਾਂ ਉਹਨਾਂ ਨੇ ਇਹ ਅਨੁਭਵ ਕੀਤਾ ਕਿ ਦੇਸ਼ ਤੇ ਸਮਾਜ ਦੇ ਆਰਥਕ ਢਾਂਚੇ ਵਿਚ ਵਿਆਹ ਢੰਗ ਜ਼ਿੰਦਗੀ ਨੂੰ ਤਾਰਪੀਡੋ ਕਰ ਕੇ, ਨਕਾਰਾ ਬਣਾ ਦੇਂਦੇ ਨੇ। ਫਿਰ ਨਕਾਰਾ ਹੋਇਆ ਆਦਮੀ ਕਿਸੇ ਗੱਲ ਜੋਗਾ ਨਹੀਂ ਰਹਿੰਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜ਼ਿੰਦਗੀ ਤੋਂ ਇਹ ਦਿਖਾਵੇ ਦਾ ਜਾਲ ਲਾਹੁਣ ਦੀ ਕੋਸ਼ਿਸ਼ ਕੀਤੀ। ਅੱਜ ਤੋਂ ਕਈ ਦਹਾਕੇ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀਆਂ ਨੂੰ ਹੋਲੇ ਮੇਲਿਆਂ ਵਿਚ ਆਪਣੇ ਬੱਚਿਆਂ ਦੇ ਅਨੰਦ ਕਾਰਜ ਕਰਨ ਲਈ ਕਿਹਾ ਤਾਂ ਰੌਲਾ ਪਿਆ ਸੀ। ਤੇ ਲੋਕਾਂ ਨੇ ਇਸ ਗੱਲ ਦੀ ਮੁਖ਼ਾਲਫਤ ਕੀਤੀ ਤੇ ਬੇਨਤੀਆਂ ਕੀਤੀਆਂ, "ਗਰੀਬ ਨਿਵਾਜ਼ ਜੀ, ਸਾਡੀਆਂ ਰੀਝਾਂ ਨਹੀਂ ਲਹਿੰਦੀਆਂ ਪਰ ਸ੍ਰੀ ਸਤਿਗੁਰੂ ਜੀ ਜਾਣਦੇ ਸਨ ਕਿ ਇਨ੍ਹਾਂ ਰੀਝਾਂ ਪਿੱਛੇ ਇਕ ਵੱਡੀ ਤੇ ਤਬਾਹਕੁਨ ਬਿਮਾਰੀ ਲੁਕੀ ਹੋਈ ਹੈ, ਜਿਹੜੀ ਨਾ ਸਿਰਫ਼ ਕੂਕਿਆਂ ਨੂੰ ਹੀ ਬਰਬਾਦ ਕਰ ਦੇਵੇਗੀ, ਸਗੋਂ ਸਾਰੇ ਦੇਸ਼ ਦਾ ਨਾਸ ਕਰ ਦੇਵੇਗੀ। ਸਤਿਗੁਰੂ ਜੀ ਮਹਾਰਾਜ ਨੇ ਆਖ਼ਰ ਵਿਆਹ ਸ਼ਾਦੀਆਂ ਨੂੰ ਮੇਲਿਆਂ ਵਿਚ ਕਰਨ ਦੀ ਪ੍ਰਥਾ ਚਲਾਈ ਤੇ ਇਸ ਪ੍ਰਥਾ ਦੇ ਪ੍ਰਤੀਕਰਮ ਦਾ ਅੱਜ ਉਹਨਾਂ ਲੋਕਾਂ ਨੂੰ ਅਹਿਸਾਸ ਹੋ ਰਿਹਾ ਹੈ ਜਿਹੜੇ ਕਦੇ ਇਸ ਦੀ ਵਿਰੋਧਤਾ ਕਰਦੇ ਹੁੰਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਾਣਦੇ ਸਨ ਕਿ ਵਿਆਹ ਜ਼ਿੰਦਗੀ ਦਾ ਇਕ ਸੁਹਣਾ ਦਿਨ ਹੁੰਦਾ ਹੈ, ਜਿਸ ਵਿਚ ਅੰਗਾਂ ਸਾਕਾਂ ਦੇ ਵੀ ਚਾਅ ਮਿਲਦੇ ਹਨ। ਪਰ ਸਵਾਲ ਇਹ ਉੱਠਦਾ ਹੈ ਉਹ ਚਾਅ ਤੇ ਖੁਸ਼ੀ ਕਿਸ ਗੁਣ ਜਿਸ ਦੀਆਂ ਪੀੜਾਂ ਸਾਰੀ ਜ਼ਿੰਦਗੀ ਜਾਗਦੀਆਂ ਰਹਿਣ ਅੱਜ ਇਸ ਗੱਲ ਦਾ ਅਹਿਸਾਸ ਉਹਨਾਂ ਗੈਰ-ਨਾਮਧਾਰੀਆਂ ਤੋਂ ਪਤਾ ਕਰੋ, ਜਿਨ੍ਹਾਂ ਦੀਆਂ ਬੱਚੀਆਂ ਇਹਨਾਂ ਵਿਆਹਵਾਂ ਦੀਆਂ ਭੈੜੀਆਂ ਰਸਮਾਂ ਕਰ ਕੇ ਬੁੱਢੀਆਂ ਹੋ ਚਲੀਆਂ ਨੇ, ਪਰ ਉਹਨਾਂ ਨੂੰ ਕੋਈ ਲੈਂਦਾ ਨਹੀਂ, ਇਸ ਲਈ ਕਿ ਲਾਲਚੀਆਂ ਦੇ ਢਿੱਡ ਭਰਨ ਲਈ ਮਾਂ ਪਿਓ ਕੋਲ ਪੈਸੇ ਨਹੀਂ ਹੁੰਦੇ।

ਅੱਜ ਨਾਮਧਾਰੀ ਸਮਾਜ ਕਿੰਨਾ ਸੌਖਾ ਹੈ। ਹਰ ਨਾਮਧਾਰੀ ਜਦ ਚਾਹਵੇ, ਜਿਸ ਵੇਲੇ ਚਾਹੇ ਆਪਣੇ ਬੱਚਿਆਂ ਦੀ ਸ਼ਾਦੀ ਕਰ ਸਕਦਾ ਹੈ। ਨਾ ਸਾਲ-ਸਾਲ ਪਹਿਲਾਂ ਤਿਆਰੀ ਕਰਨ ਦੀ ਲੋੜ ਪੈਂਦੀ ਹੈ, ਨਾ ਘਰ ਵਾਲੇ ਟੁੱਟ-ਟੁੱਟ ਪੈਂਦੇ ਨੇ। ਨਹੀਂ ਤਾਂ ਵਿਆਹ ਤੋਂ ਪਿੱਛੋਂ ਕੁੜੀ ਵਾਲੇ ਚੂਰ ਹੋਏ ਰਹਿੰਦੇ ਨੇ, ਤੇ ਕਰਜ਼ੇ ਝੁੰਗੇ ਵਿਚ ਚੜ੍ਹ ਜਾਂਦੇ ਨੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਿੱਖਾਂ ਉਤੇ ਅਪਾਰ ਕਿਰਪਾ ਕਰ ਕੇ ਅਜਿਹੀ ਮਰਿਯਾਦਾ ਪਹਿਲਾਂ ਤੋਂ ਹੀ ਤੋਰੀ ਹੋਈ ਹੈ ਕਿ ਉਸ ਦਾ ਸਿੱਖ ਇਹਨਾਂ ਝੂਠੀਆਂ ਰਸਮਾਂ ਵਿਚ ਗ੍ਰਸਿਆ ਦੁਖੀ ਨਾ ਹੋਵੇ।

ਹਰ ਆਰਥਕ ਜਾਂ ਧਾਰਮਿਕ ਲਹਿਰ ਰਾਜਸੀ ਲਹਿਰ ਦਾ ਪੇਸ਼-ਖੈਮਾ ਹੁੰਦੀ ਹੈ। ਸਤਿਗੁਰੂ ਜੀ ਮਹਾਰਾਜ ਨੇ ਆਪਣੇ ਸਮਾਜ ਵਿਚ ਨਵੀਂ ਦ੍ਰਿੜਤਾ ਲਿਆਉਣ ਲਈ ਨਾਮ

ਬਾਣੀ ਦਾ ਇਕ ਨਵਾਂ ਪਰਵਾਹ ਚਲਾਇਆ। ਜਿਵੇਂ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਮੋਮਨਾਂ ਨੂੰ ਸ਼ੁਰੂ ਵਿਚ ਦੱਸਿਆ ਸੀ, ਅੱਲਾ ਇਕ ਜਾਬਰ ਹਾਕਮ ਹੈ। ਜਿਹੜਾ ਇਨ੍ਹਾਂ ਰਾਜਿਆਂ ਮਹਾਰਾਜਿਆਂ ਤੋਂ ਕਿਤੇ ਵੱਡਾ ਹੈ ਤੇ ਉਸ ਦੇ ਦਰਬਾਰ ਵਿਚ ਕਿੰਨੇ ਹੀ ਫ਼ਰਿਸ਼ਤੇ ਉਸ ਦੇ ਹੁਕਮ ਦੇ ਮੁੰਤਜ਼ਿਰ ਰਹਿੰਦੇ ਹਨ। ਐ ਮੁਸਲਮਾਨੋਂ! ਉੱਠੋ, ਤੇ ਉਸ ਵੱਡੇ ਸ਼ਹਿਨਸ਼ਾਹ ਦੀ ਓਟ ਲੈ ਅੱਗੇ ਵਧੋ।"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਆਪਣੇ ਸਿੱਖਾਂ ਅਤੇ ਆਪਣੇ ਸਮਾਜ ਵਿਚ ਉਨ੍ਹਾਂ ਲੀਹਾਂ ਨੂੰ ਫਿਰ ਉਜਾਗਰ ਕੀਤਾ ਜਿਹੜੀਆਂ ਗੁਰੂ ਨਾਨਕ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਪਾਈਆਂ ਸਨ ਤੇ ਸਾਡਾ ਸਮਾਜ ਉਹਨਾਂ ਨੂੰ ਭੁੱਲ ਚੁੱਕਾ ਸੀ। ਨਾਮ ਜ਼ਿੰਦਗੀ ਦੀ ਸਭ ਤੋਂ ਵੱਡੀ ਤਸੱਲੀ ਹੈ। ਹੋ ਸਕਦਾ ਹੈ ਕਿ ਕੁਝ ਲੋਕ ਆਪਣੀ ਦਲੀਲ ਨਾਲ ਇਸ ਨੂੰ ਥੋਥਾ ਕਹਿਣ, ਪਰ ਕੀ ਉਹ ਲੋਕ ਦੱਸ ਸਕਦੇ ਹਨ ਕਿ ਜਦ ਮਨੁੱਖ ਡੋਲ ਜਾਂਦਾ ਹੈ ਤਾਂ ਅਕਾਲ ਪੁਰਖ ਦੀ ਕਿਉਂ ਓਟ ਲਈ ਜਾਂਦੀ ਹੈ ? ਜਾਂ ਨਾਮ ਜਪਣ ਨਾਲ ਕਿਉਂ ਕਿਸੇ ਨਵੇਂ ਸਵਾਦ ਦਾ ਅਹਿਸਾਸ ਹੁੰਦਾ ਹੈ ...ਜਦ ਮਨੁੱਖ ਨਾਮ ਵਿਚ ਯਕੀਨ ਰੱਖ ਉਸ ਦੀ ਉਪਾਸਨਾ ਕਰਦਾ ਹੈ ਤਾਂ ਉਸ ਅੰਦਰ ਇਕ ਫ਼ੌਲਾਦੀ ਆਚਰਨ ਦੀ ਸਿਰਜਣਾ ਹੁੰਦੀ ਹੈ। ਉਹ ਫ਼ੌਲਾਦੀ ਆਚਰਨ ਉਸ ਨੂੰ ਵੱਡੀ ਤੋਂ ਵੱਡੀ ਟੱਕਰ ਲੈਣ ਲਈ ਤਿਆਰ ਕਰਦਾ ਹੈ।

ਨਾਮਧਾਰੀ ਲਹਿਰ ਨਿਰੋਲ ਪੁਲੀਟੀਕਲ ਸੀ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਦੀ ਮਹੱਤਤਾ ਦੱਸ, ਬੁਜ਼ਦਿਲ ਸਿੱਖਾਂ ਵਿਚ ਨਵਾਂ ਅਹਿਸਾਸ ਪੈਦਾ ਕੀਤਾ ਤੇ ਉਹ ਸਿੱਖ ਜਿਹੜੇ ਪਿੰਡ ਵਿੱਚ ਆਏ ਸਿਪਾਹੀਆਂ ਕੋਲੋਂ ਡਰਦੇ ਹੁੰਦੇ ਸਨ, ਜਾਬਰ ਦੀਆਂ ਤੋਪਾਂ ਅਗੇ ਹੱਸ-ਹੱਸ ਖਲੋ ਗਏ। ਇਸੇ ਹੀ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਿੱਖਾਂ ਵਿਚ ਉਸ ਜਵਾਲਾ ਨੂੰ ਪਰਚੰਡ ਕਰੀ ਰੱਖਿਆ ਜਿਸ ਦਾ ਅਰੰਭ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ, ਪੁਰਸ਼ ਜਿੰਨੇ ਅਧਿਕਾਰ ਇਸਤ੍ਰੀ ਨੂੰ ਦੇਣ ਦਾ ਯਤਨ ਕੀਤਾ। ਦੇਸ਼ ਵੰਡ ਤੋਂ ਪਹਿਲਾਂ ਬਹੁਤ ਸਾਰੇ ਲੋਕ ਇਸਤਰੀ ਵਿਦਿਆ ਦੇ ਖ਼ਿਲਾਫ਼ ਸਨ, ਪਰ ਸਤਿਗੁਰੂ ਜੀ ਨੇ ਮਰਯਾਦਾ ਤੋਰੀ ਕਿ ਜਦ ਤੱਕ ਕੁੜੀ-ਮੁੰਡਾ ਗੁਰਮੁਖੀ ਅੱਖਰ ਪੜੇ ਲਿਖੇ ਨਾ ਹੋਣ ਉਹਨਾਂ ਦਾ ਅਨੰਦ ਕਾਰਜ ਨਾ ਕੀਤਾ ਜਾਏ। ਮੈਨੂੰ ਯਾਦ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਕਈ ਉਹਨਾਂ ਮੁੰਡੇ ਕੁੜੀਆਂ ਦੇ ਅਨੰਦ ਕਾਰਜ ਕਰਨੋਂ ਇਨਕਾਰ ਕਰ ਦਿੱਤਾ ਜਿਹੜੇ ਪੰਜਾਬੀ ਨਹੀਂ ਸਨ ਜਾਣਦੇ, ਚਾਹੇ ਉਹ ਬੀ. ਏ., ਐਮ. ਏ. ਵੀ ਪਾਸ ਸਨ। ਸਤਿਗੁਰ ਸੱਚੇ ਪਾਤਸ਼ਾਹ ਜੀ ਦਾ ਇਹ ਭਾਵ ਨਹੀਂ ਸੀ ਕਿ ਲੋਕ ਦੂਜੀਆਂ ਜ਼ਬਾਨਾਂ ਨਾ ਪੜ੍ਹਨ ਬਲਕਿ ਉਹ ਚਾਹੁੰਦੇ ਸਨ ਕਿ ਮਾਤ ਭਾਸ਼ਾ ਪੰਜਾਬੀ ਵੀ ਓਨੀ ਉੱਨਤੀ ਕਰੇ ਜਿੰਨੀਆਂ ਕਿ ਦੂਜੀਆਂ ਬੋਲੀਆਂ ਉੱਨਤੀ ਕਰ ਰਹੀਆਂ ਨੇ।

ਸਤਿਗੁਰੂ ਜੀ ਨੂੰ ਮਾਤ ਭਾਸ਼ਾ ਉੱਨਤੀ ਦੀ ਉਸ ਵੇਲੇ ਵੀ ਲੋੜ ਭਾਸੀ ਜਿਸ ਵੇਲੇ ਅੰਗਰੇਜ਼ੀ ਦਾ ਡੰਕਾ ਵੱਜਦਾ ਸੀ। ਉਹ ਜਾਣਦੇ ਸਨ ਕਿ ਪੱਛਮੀ ਬੋਲੀ ਦੇ ਨਾਲ ਉਹਨਾਂ ਦੀ ਸਭਿਅਤਾ ਨੂੰ ਵੀ ਉਹ ਸੱਟ ਵੱਜੇਗੀ ਜਿਸ ਨਾਲ ਉਹ ਕਦੇ ਵੀ ਉੱਠ ਨਾ ਸਕੇਗੀ ...ਅੱਜ ਜੋ ਲੋਕ ਪੰਜਾਬੀ ਦੇ ਰਖਵਾਲੇ ਬਣ ਗਏ ਹਨ ਉਹ ਇਹ ਨਹੀਂ ਜਾਣਦੇ ਕਿ ਪੰਜਾਬੀ ਦੀ ਰੱਖਿਆ ਲਹਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਲਾਈ ਸੀ।

ਜਿਹੜੀ ਸ਼ਖਸੀਅਤ ਕੌਮ ਤੇ ਮੁਲਕ ਨੂੰ ਖ਼ਤਰਿਆਂ ਵਿਚੋਂ ਬਚਾ ਕੇ ਲੈ ਜਾਏ ਉਹੋ ਹੀ ਮਹਾਨ ਹੁੰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਵਿਚ ਨਵੀਂ ਚੇਤੰਨਤਾ ਪੈਦਾ ਕੀਤੀ ਤੇ ਸਿੱਖਾਂ ਨੂੰ ਹਰ ਸਮੇਂ ਤਿਆਰ ਰਹਿਣ ਦਾ ਹੁਕਮ ਕੀਤਾ। ਹੋ ਸਕਦਾ ਹੈ ਕਿ ਕਿਸੇ ਵੇਲੇ ਵੀ ਕੋਈ ਅਜਿਹੀ ਮੁਸੀਬਤ ਆ ਪਵੇ ਜਿਹੜੀ ਸਾਰੇ ਸਮਾਜ ਨੂੰ ਝੁਲਸ ਦੇਵੇ। ਨਾਮਧਾਰੀ ਪੰਥ ਨੂੰ ਸਤਿਗੁਰੂ ਜੀ ਨੇ ਸਦਾ ਜਗਾਈ ਰਖਿਆ।

ਅੱਜ ਸਿੱਖ ਕੌਮ ਵਿਚ ਉਹ ਪਾਟੋ ਧਾੜ ਪਈ ਹੋਈ ਹੈ, ਜਿਹੜੀ ਕਦੇ ਸਿੱਖ ਰਾਜ ਤੋਂ ਬਾਅਦ ਪਈ ਸੀ। ਉਸ ਵੇਲੇ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਇਕ ਕੇਂਦਰ ਉਤੇ ਲਿਆਂਦਾ ਤੇ ਇਸੇ ਹੀ ਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਈ ਵਾਰੀ ਸਰਬ ਸਿੱਖ ਪਾਰਟੀਆਂ ਦੀਆਂ ਕਾਨਫਰੰਸਾਂ ਸ੍ਰੀ ਭੈਣੀ ਸਾਹਿਬ ਤੇ ਹੋਰ ਥਾਈਂ ਕਰਵਾਈਆਂ। ਜ਼ਬਾਨੀ ਹਮਦਰਦੀ ਕੀ ਗੁਣ ਹੈ ਜਦ ਕਿ ਉਸ ਵਿਚ ਅਮਲ ਦੀ ਘਾਟ ਹੈ। ਸਤਿਗੁਰੂ ਜੀ ਮਹਾਰਾਜ ਨੇ ਸਮਾਜ ਨੂੰ ਇਕਮੁੱਠ ਕਰਨ ਲਈ ਅਮਲੀ ਸਬੂਤ ਦਿਤੇ ਤੇ ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਹ ਕਿਹੜੀ ਸਿੱਖ ਸੰਪਰਦਾ ਸੀ ਜਿਸ ਨੇ ਉਸ ਮਹਾਨ ਆਗੂ ਦੇ ਜੋਤੀ ਜੋਤ ਸਮਾਉਣ ਉੱਤੇ ਆਹ ਦਾ ਨਾਅਰਾ ਨਾ ਮਾਰਿਆ ਹੋਵੇ।

ਅੱਜ ਦੇਸ਼ ਦੇ ਵੱਡੇ ਨੇਤਾ ਕਾਟਜ ਇੰਡਸਟਰੀ ਉੱਤੇ ਆਪਣਾ ਪੂਰਾ ਤਾਣ ਲਾ ਰਹੇ ਹਨ, ਤੇ ਚਾਹੁੰਦੇ ਹਨ ਕਿ ਇਹ ਘਰੇਲੂ ਦਸਤਕਾਰੀ ਇੰਨੀ ਤਰੱਕੀ ਕਰੇ ਕਿ ਸਾਡਾ ਦੇਸ਼ ਵਿਦੇਸ਼ੀ ਚੀਜ਼ਾਂ ਦਾ ਮੁਕਾਬਲਾ ਕਰ ਸਕੇ। ਪਰ ਸਤਿਗੁਰ

**ਬਾਕੀ ਸਫ਼ਾ ਨੰ. 13 'ਤੇ**



# ਲੀਨ ਤਾਹਿ ਮੈ ਮਾਨੁ

**ਤਾਰਾ ਸਿੰਘ ਅਨਜਾਣ**

ਸੰਸਾਰ ਦੀ ਮਰਯਾਦਾ ਜਨਮ ਲੈਣਾ ਅਤੇ ਜੀਵਨ ਯਾਤਰਾ ਸਫ਼ਲ ਕਰਨਾ ਮਨੁੱਖੀ ਦੇਹ ਵਿੱਚ ਆਏ ਰਹਿਬਰ ਲਈ ਉਸੇ ਤਰ੍ਹਾਂ ਹੀ ਅਰਥਪੂਰਨ ਹੈ ਜਿਵੇਂ ਹੋਰ ਸੰਸਾਰੀ ਜੀਵਾਂ ਲਈ। ਪਰ ਫਰਕ ਵੱਡਾ ਇਹੀ ਰਹਿ ਜਾਂਦਾ ਹੈ ਕਿ ਸੰਸਾਰ ਦੇ ਰਹਿਬਰ, ਪੈਗੰਬਰ, ਗੁਰੂ, ਪੀਰ, ਅਵਤਾਰ ਸੰਸਾਰ ਨੂੰ ਐਨਾ ਕੁਝ ਦੇ ਜਾਂਦੇ ਹਨ ਕਿ ਉਹ ਉਮਰ ਦੇ ਗਿਣਤੀ ਦੇ ਵਰ੍ਹਿਆਂ ਤੋਂ ਵੱਧ ਸਮੇਂ ਤੱਕ ਲੋਕਾਂ ਦੇ ਹਿਰਦਿਆਂ ਅਤੇ ਇਤਿਹਾਸ ਦੇ ਪੱਤਰਿਆਂ ਵਿੱਚ ਆਪਣੀ ਪਛਾਣ ਕਾਇਮ ਰੱਖਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ੫ ਭਾਦਰੋਂ ਦੀ ਰਾਤ ਨੂੰ ਗੁਰੂ ਵਾਕ ਅਨੁਸਾਰ "ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ" ਦੀ ਅਵਸਥਾ ਤੱਕ ਪਹੁੰਚ ਗਏ। ਅਗਲੇ ਦਿਨ ਉਹਨਾਂ ਦੀ ਪੰਜ ਭੂਤਕ ਦੇਹ ਨੂੰ ਵੈਰਾਗੇ, ਛਲਕਦੇ ਨੈਣਾਂ ਨਾਲ ਉਹਨਾਂ ਦੇ ਸ਼ਰਧਾਵਾਨ ਸਿੱਖਾਂ ਸੇਵਕਾਂ ਨੇ ਅਗਨ ਭੇਟ ਕੀਤਾ। ਪਰ ਅੱਜ ਵੀ ਜਦੋਂ ਹਿਰਦਿਆਂ ਵਿਚ ਉਹਨਾਂ ਦੀ ਯਾਦ ਕਸਕ ਪੈਦਾ ਕਰਦੀ ਹੈ ਤਾਂ ਆਪਾ ਸੰਭਾਲਣਾ ਔਖਾ ਹੋ ਜਾਂਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੀ ਵੰਡ ਸਮੇਂ ਨਾਮਧਾਰੀ ਸਿੱਖਾਂ ਨੂੰ ਇਕੋ ਥਾਂ ਬਿਠਾਉਣ ਦੀ ਭਾਵਨਾ ਨਾਲ ਇਲਾਕਾ ਸੀ ਜੀਵਨ ਨਗਰ (ਪੰਜਾਬ) ਵਿੱਚ ਕੁੱਝ ਜ਼ਮੀਨ ਖਰੀਦੀ ਅਤੇ ਆਪਣਾ ਅਸਰ ਰਸੂਖ ਵਰਤ ਕੇ ਪਾਕਿਸਤਾਨ ਦੇ ਖਿੱਤੇ ਵਿਚੋਂ ਏਧਰ ਆਏ ਸਿੱਖਾਂ ਦੀਆਂ ਜ਼ਮੀਨਾਂ ਵੀ ਉਸ ਇਲਾਕੇ ਵਿਚ ਹੀ ਪੁਆ ਦਿਤੀਆਂ ਜਿਸ ਨਾਲ ਇਕ ਦੂਸਰੇ ਦੇ ਆਸਰੇ, ਸਤਿਗੁਰੂ ਜੀ ਦੇ ਭਰੋਸੇ ਅਤੇ ਅਕਾਲ ਪੁਰਖ ਦੇ ਸਿਮਰਨ ਨਾਲ ਸਿੱਖ ਪਰਵਾਰ ਛੇਤੀ ਹੀ ਵੱਧਣ-ਫੁੱਲਣ ਅਤੇ ਵਿਕਾਸ ਕਰਨ ਲੱਗੇ।

ਇਸ ਵਿਕਾਸ ਦਾ ਰਾਜਨੀਤਕ ਪੱਖ ਕਈਆਂ ਨੂੰ ਰੜਕਣ ਲੱਗਾ ਅਤੇ ਸਤਿਗੁਰੂ ਜੀ ਦੇ ਸਿੱਖਾਂ ਦਾ ਆਪ ਜੀ ਦੇ ਹੁਕਮ ਅਨੁਸਾਰ ਇਕੱਠ ਬਣਾਈ ਰੱਖਣਾ ਉਹਨਾਂ ਨੂੰ ਨਾ ਭਾਇਆ। ਉਹਨਾਂ ਕੁਝ ਸਿੱਖਾਂ ਦੇ ਮਨਾਂ ਵਿਚ ਐਸੀ ਗਾਜਰ ਬੂਟੀ ਉਗਾ ਦਿਤੀ ਜਿਸ ਕਾਰਨ ਸਮੁੱਚਾ ਵਾਤਾਵਰਣ ਹੋਰ ਹੀ ਤਰ੍ਹਾਂ ਨਾਲ ਬਣਨ ਲੱਗਾ। ਜਿਸ ਦਾ ਧੜੇਬੰਦੀ ਦੇ ਰੂਪ ਵਿਚ ਉਭਾਰ ਹੁੰਦਾ ਦਿਸਿਆ, ਜਿਸ ਨੇ ਧਰਮ ਵੱਲ ਪਿੱਠ ਕਰ ਲਈ। ਜੇ ਕਿਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵੱਡੇ ਬਾਬਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਨੂੰ ਸਮਝਾਉਣ ਲਈ ਇਕੱਠੇ ਕਰਦੇ ਤਾਂ ਉਹ ਇਹ ਕਹਿਣੋ ਸੰਕੋਚ ਨਾ ਕਰਦੇ ਕਿ ਤੁਹਾਡੇ ਬਣਾਏ ਹੋਏ ਪੰਚਾਂ ਦਾ ਰੋਬ ਅਸਾਂ ਬਣਨ ਨਹੀਂ ਦੇਣਾ।

ਇਸ ਸਥਿਤੀ ਨੂੰ ਸੰਭਾਲਣ ਵਾਸਤੇ ਹੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੨੯ ਵਸਾਖ ੨੦੧੯ ਸਭ ਡੇਰੇ ਦੇ ਮੁਖਤਾਰਾਂ ਤੇ ਸੇਵਾਦਾਰਾਂ ਨੂੰ ਸੱਦਕੇ ਕਿਹਾ, "ਮੈਂ ਸਭ ਕੁਝ ਸੁਣਦਾ ਵੇਖਦਾ ਹਾਂ। ਮੇਰੇ ਹੁੰਦਿਆਂ ਹੀ ਕੋਈ ਕਾਕੇ (ਸਤਿਗੁਰੂ ਜਗਜੀਤ ਸਿੰਘ) ਦੀ ਪਰਵਾਹ ਨਹੀਂ ਕਰਦਾ। ਸਗੋਂ ਦੁਬਾਂਦੇ ਹਨ। ਸਭ ਮੇਰਾ ਕਿਹਾ ਕੰਨਾਂ ਤੋਂ ਪੱਗਾਂ ਲਾਹ ਕੇ ਸੁਣ ਲਵੋ, ਅੱਜ ਤੋਂ, ਜਿਸਨੇ ਕਾਕੇ ਦੇ ਆਖੇ ਵਿੱਚ ਰਹਿਣਾ ਹੈ, ਉਹ ਏਥੇ ਰਵ੍ਹੇ ਦੂਜੇ ਸਭ ਜਿਧਰੋਂ ਆਏ ਹਨ, ਉਹ ਰਾਹੇ ਪੈਣ। ਤੁਸੀਂ ਮਨ ਮਰਜੀ ਕਰਨ ਵਾਲੇ ਗੁਰੂ ਘਰ ਦਾ ਹਰਜ ਕਰਦੇ ਹੋ।" **ਜਸ ਜੀਵਨ ਭਾਗ ੬**

ਇਸ ਬਾਦ ਜਿਹੜੇ ਅਨੁਸਾਰੀ ਹੋ ਕੇ ਨਾ ਚੱਲ ਸਕੇ, ਉਹਨਾਂ ਨੂੰ ਜਾਣਾ ਪਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਉਥੋਂ ਗਰਮੀ ਕਾਰਨ ਜੇਠ ਵਿੱਚ ਮੰਡੀ ਬਿਆਸ ਕੰਢੇ ਆ ਡੇਰਾ ਲਾਇਆ। ਪਰ ਸਤਿਗੁਰੂ ਜੀ ਨੂੰ ਉਥੋਂ ਵੀ ਸਿੱਖਾਂ ਦਾ ਇਹ ਸੁਨੇਹਾ ਪਹੁੰਚਦਾ ਰਿਹਾ ਕਿ ਕੁਝ ਲੋਕ ਸਤਿਗੁਰੂ ਜੀ ਦੀ ਕੀਤੀ ਜ਼ਮੀਨ ਦੀ ਵੰਡ ਭੰਨਣਾ ਚਾਹੁੰਦੇ ਹਨ। ਜਿਸ ਨਾਲ ਖੱਜਲ ਖੁਆਰੀ ਹੋ ਸਕਦੀ ਹੈ। ਸਤਿਗੁਰੂ ਜੀ ਤੱਕ ਇਹ ਵੀ ਖ਼ਬਰ ਪਹੁੰਚੀ ਕਿ ਇਸ ਦੇ ਪਿਛੇ ਕੋਈ ਨਿਆਂ ਜਾਂ ਅਨਿਆਂ ਕਰਨ ਦੀ ਗੱਲ ਨਹੀਂ ਨਾ ਹੀ ਕਿਸੇ ਨੂੰ ਸੁਖ ਸਹੂਲਤ ਦੇਣ ਦੀ ਗੱਲ ਹੈ, ਸਗੋਂ ਚੰਗੇ ਭਲੇ ਬੈਠੇ ਲੋਕਾਂ ਨੂੰ ਪਰੇਸ਼ਾਨ ਕਰਨ ਅਤੇ ਉਸ ਤੋਂ ਵੱਧ ਸ੍ਰੀ ਸਤਿਗੁਰੂ ਜੀ ਨੂੰ

ਵਿਰੋਧੀਆਂ ਵਲੋਂ ਮੁਹਤਾਜ ਕਰਨ ਦੀ ਗੱਲ ਹੈ। ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿੱਚ, ਹੁਣ ਕੋਈ ਬਿਧ ਹੋਰ ਬਣਾਈਏ ਜਾਂ ਇਹਨਾਂ ਦੀ ਕੀਤੀ ਵੰਡ ਭੱਜੇ, ਕੰਡ ਲੱਗੇ ਜਾਂ ਕਿਸੇ ਹੋਰ ਤਰੀਕੇ ਮੁਥਾਜ ਹੋਣ, ਸਰਕਾਰੀ ਲੋਕਾਂ ਦੇ। ਅਵਤਾਰ ਸਿੰਘ ਸੰਤ ਨਗਰ, ਤਹਿਸੀਲਦਾਰ ਜਲੰਧਰੋਂ ਆਏ ਦਾ ਝੇੜਾ ਤੇ ਨਿਬੇੜਾ ਤੇ ਮੁਕੱਦਮਿਆਂ ਦਾ ਹਾਲ ਮੰਡੀ ਲਿਖ ਭੇਜਿਆ। ਸਤਿਗੁਰੂ ਜੀ ਵੱਲ ਸਿੱਖ ਇੱਕ ਹੱਥ ਤੇ ਬੜੇ ਦੁਖ ਭਰੇ ਦਿਲ ਨਾਲ ਅੱਖਰ ਲਿਖ ਕੇ ਘੱਲੇ- ਸੱਚੇ ਪਾਤਸ਼ਾਹੋ ! ਕੈਰੋਂਸ਼ਾਹੀ ਤੇ ਸਰਕਾਰੀ ਲੋਕ ਤੇ ਵਕੀਲ ਜੋਧ ਸਿੰਘ ਐਸੇ ਕਾਨੂੰਨ ਦੇ ਮੁਕੱਦਮੇ ਹੁਣ ਜ਼ਿਮੀ ਬਾਬਤ ਦੇ ਛੇੜੇ ਸਨ, ਜਿਨ੍ਹਾਂ ਵਿੱਚ ਆਪ ਦਾ ਕਚਹਿਰੀ ਵਿਚ ਪੇਸ਼ ਹੋਣਾ ਜ਼ਰੂਰੀ ਹੈ। ਵੰਡ ਤੇ ਆਪ ਜੀ ਦੀ ਕਿਰਪਾ ਨਾਲ ਆਪ ਜੀ ਦੀ ਕੀਤੀ ਹੋਈ ਕੋਈ ਤੋੜ ਨਹੀਂ ਸਕਦਾ, ਤਸੀਲਦਾਰ ਜਲੰਧਰੋਂ ਆਏ ਤੇ ਮੇਰੇ ਉਹਦੇ ਸਾਹਮਣੇ ਅੰਦਰੋਂ ਉਬਾਲ ਨਾਲ ਨਿਰੁੱਤਰ ਕੀਤੇ।

**ਜਸ ਜੀਵਨ ਭਾਗ ੬**

ਇਸ ਭਾਵਨਾ ਨਾਲ ਹੀ ਸਤਿਗੁਰੂ ਜੀ ਦੇ ੧੫, ੧੬ ਮੁਕੱਦਮਿਆਂ ਵਿਚ ਸੰਮਨ ਜਾਰੀ ਹੋਏ। ਹਾਲਾਂਕਿ ਕਾਨੂੰਨ ਇਸ ਦੀ ਇਜ਼ਾਜਤ ਦਿੰਦਾ ਸੀ ਕਿ ਜੇ ਸਤਿਗੁਰੂ ਜੀ ਸਰੀਰ ਕਰਕੇ ਢਿੱਲੇ ਹੋਣ ਤਾਂ ਉਹਨਾਂ ਦੀ ਲਿਖਤੀ ਗੁਆਹੀ ਉਥੋਂ ਲਈ ਜਾ ਸਕਦੀ ਹੈ। ਪਰ ਉਹ ਆਪ ਜੀ ਨੂੰ ਕਚਹਿਰੀ ਪੇਸ਼ ਕਰਨਾ ਚਾਹੁੰਦੇ ਸਨ। ਇਸ ਬਾਰੇ ਸ੍ਰੀ ਸਤਿਗੁਰੂ ਜੀ ਨੇ ਆਪਣਾ ਪ੍ਰੋਗਰਾਮ ਮਿਥਿਆ ਹੋਇਆ ਸੀ। ਉਹ ਜਿੰਨਾ ਚਿਰ ਮੰਡੀ ਰਹੇ, ਆਪਣੇ ਰੰਗ ਵਿਚ ਰਹੇ। ਸਿੱਖ ਸੇਵਕ ਉਹਨਾਂ ਦੇ ਦਰਸ਼ਨ ਕਰਕੇ ਵਿਗਸਦੇ ਰਹੇ।

ਮੰਡੀਓਂ ਸ੍ਰੀ ਸਤਿਗੁਰੂ ਜੀ ੧੨ ਜੁਲਾਈ ੧੯੫੯ ਈ. ਨੂੰ ਸ੍ਰੀ ਭੈਣੀ ਸਾਹਿਬ ਆ ਗਏ। ਗੋਲ ਮੰਦਰ ਵਿਚ ਆਪ ਜੀ ਨੇ ਡੇਰਾ ਲਾ ਲਿਆ। ਏਥੇ ਫਿਰ ਜਦੋਂ ਕਚਹਿਰੀਆਂ ਵਿੱਚ ਚੱਲ ਰਹੀ ਕਾਰਵਾਈ ਬਾਰੇ ਵਰਤਮਾਨ ਸਤਿਗੁਰੂ ਜੀ ਨੂੰ ਮੰਡੀ ਪਹੁੰਚੇ ਸੁਨੇਹੇ ਬਾਰੇ ਦੱਸਿਆ ਤੇ ਨਾਲ ਹੀ ਆਪ ਜੀ ਨੇ ਬਚਨ ਕੀਤਾ, "ਮੈਂ ਧਰਵਾਸ ਦੇ ਉਸ ਨੂੰ ਅਵਤਾਰ ਸਿੰਘ ਨੂੰ ਕਿਹਾ ਸੀ ਤੂੰ ਫ਼ਿਕਰ ਨਾ ਕਰ, ਮੈਨੂੰ ਕੋਈ ਕਰੜਾਈ ਨਾਲ ਪੇਸ਼ ਨਹੀਂ ਕਰ ਸਕਦਾ।"

ਏਸੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਨੂੰ ਸੰਤ ਰਤਨ ਸਿੰਘ ਲਾਂਗਰੀ ਨੇ ਆਪਣੀ ਉਦਾਸੀ ਦਾ ਕਾਰਨ ਦੱਸਿਆ ਕਿ ਸਤਿਗੁਰੂ ਜੀ ਮੇਰੇ ਨਾਲ ਨਰਾਜ਼ ਲਗਦੇ ਹਨ। ਕਈ ਵਾਰੀ ਥੋੜ੍ਹੀ ਜਿਹੀ ਗੱਲ ਤੋਂ ਹੀ ਝਾੜਦੇ ਹਨ। ਭਾਈ ਜੀ ਨੇ ਉਸਨੂੰ ਕਿਹਾ, ਤੇਰੇ ਤੇ ਸੱਚੇ ਪਾਤਸ਼ਾਹ ਨਰਾਜ਼ ਨਹੀਂ। ਜੇ ਨਰਾਜ਼ ਹੋਣ ਤਾਂ ਤੈਨੂੰ ਆਖ ਨਾ ਦੇਣ ਤੂੰ ਸੇਵਾ ਤੋਂ ਹੱਟ ਜਾ। ਰਤਨ ਗੱਲ ਹੋਰ ਹੈ ਵਿੱਚੋਂ। ਮੈਂ ਮੂੰਹੋਂ ਨਹੀਂ ਡਰਦਾ ਕੱਢਦਾ। ਮਤੇ ਤੈਥੋਂ ਅਗਾਂਹ ਨਿਕਲ ਜਾਵੇ।" ਆਖ ਭਾਈ ਜੀ ਭੁੱਬਾਂ ਮਾਰ ਰੋਣ ਲੱਗ ਪਏ। ਤਾਂ ਰਤਨ ਸਿੰਘ ਨੇ ਭਾਈ ਜੀ ਦੇ ਪੈਰ ਫੜ੍ਹ ਕਿਹਾ, " ਮੈਂ ਕਿਤੇ ਧੂੰ ਨਹੀਂ ਕਢਦਾ। ਤੂੰ ਮੈਨੂੰ ਅਸਲ ਗੱਲ ਦੱਸ। ਜੋ ਮੇਰੀ ਸਮਝ ਵਿੱਚ ਨਹੀਂ ਆਉਂਦੀ। ਤਾਂ ਭਾਈ ਜੀ ਰਤਨ ਸਿੰਘ ਜੀ ਨੂੰ ਦੱਸਿਆ, "ਰਤਨ, ਸਤਿਗੁਰੂ ਜੀ ਸਾਥੋਂ ਮੋਹ ਤੋੜੀ ਕਰ ਰਹੇ ਹਨ। ਇਹਨਾਂ ਦੇਹ ਦਾ ਉਹਲਾ ਕਰ ਜਾਣਾ ਹੈ।"

**ਜਿਸ ਜੀਵਨ ਭਾਗ ੬**

ਸਤਿਗੁਰੂ ਜੀ ਦਾ ਸਰੀਰ ਢਿੱਲਾ ਰਹਿੰਦਾ ਸੀ। ਉਹਨਾਂ ਦੀ ਦੇਹ ਦਾ ਰੰਗ ਵੀ ਸਫੈਦ ਪੂਣੀ ਵਰਗਾ ਹੋਈ ਜਾ ਰਿਹਾ ਸੀ। ਸੋ ਗੋਲ ਮੰਦਰ ਕਿਸੇ ਨੂੰ ਆਉਣ ਦੀ ਇਜ਼ਾਜ਼ਤ ਨਾ ਦਿੱਤੀ ਜਾਂਦੀ। ਪਰ ਸੱਚੇ ਪਾਤਸ਼ਾਹ ਜੀ, ਜਿਸ ਨਾਲ ਬਚਨ ਕਰਨਾ ਚਾਹੁੰਦੇ ਜਾਂ ਜਿਸ ਕੋਲੋਂ ਸ਼ਬਦ ਸੁਣਨਾ ਚਾਹੁੰਦੇ, ਉਹ ਆਪ ਜੀ ਦੇ ਹੁਕਮ ਅਨੁਸਾਰ ਅਮਲ ਕਰ ਲੈਂਦਾ ਸੀ। ਭੈਣੀ ਸਾਹਿਬ ਗਰਮੀ ਬਹੁਤ ਸੀ, ਸੋ ਸ੍ਰੀ ਸਤਿਗੁਰੂ ਜੀ ਫੇਰ ੬ ਸੌਣ ਨੂੰ ਮੰਡੀ ਲਈ ਤਿਆਰ ਹੋ ਪਏ। ਉਥੇ ਗਿਆਂ ਵੀ ਆਪ ਜੀ ਦਾ ਸਰੀਰ ਹੋਰ ਢਿਲਾ ਰਹਿਣ ਲਗ ਪਿਆ। ਆਪ ਜੀ ਕੋਲ ਭਾਈ ਜੀ, ਸੰਤ ਵਜੀਰ ਸਿੰਘ ਜੀ, ਪੰਡਤ ਗੁਪਾਲ ਸਿੰਘ ਜੀ ਰਹਿੰਦੇ ਹੀ ਸਨ। ਆਪ ਜੀ ਦੀ ਦੇਹ ਢਿੱਲੀ ਦੀ ਸੋ ਸੁਣ ਕੇ ਇਲਾਕਾ ਜੀਵਨ ਨਗਰ, ਭੈਣੀ ਸਾਹਿਬ ਅਤੇ ਹੋਰ ਥਾਂਵਾਂ ਦੀ ਸੰਗਤ ਆਪ ਜੀ ਦੇ ਦਰਸ਼ਨ ਪਰਸਨ ਆਉਂਦੀ। ਮੰਡੀ ਦੀ ਸੰਗਤ ਨੇ ਆਪ ਜੀ ਦੀ ਦੇਹ ਅਰੋਗਤਾ ਲਈ ਅਖੰਡ ਪਾਠ ਤੋਰਿਆ। ਜਿਸ ਵਿਚ ਵਿਘਨ ਵਰਗੀ ਸਥਿਤੀ ਬਣ ਗਈ। ਅਰਦਾਸਾ ਕਰਨ ਤੋਂ ਪਹਿਲਾਂ ਜਗਾਣ ਸਮੇਂ ਤਿੰਨ ਵਾਰ ਜੋਤ ਬੁਝੀ। ਭੋਗ ਵੀ ਪਿਛਲੇ ਪਹਿਰ ਹੀ ਪੈ ਸਕਿਆ। ਇਸ ਨਾਲ ਸੰਗਤ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਢਹਿੰਦੀ ਕਲਾ ਵਰਗੇ ਵਿਚਾਰ ਆਉਂਦੇ ਅਤੇ ਇਹ ਸੋਚ ਕੇ ਕਿ ਸਤਿਗੁਰ ਭਲਾ ਕਰੇ ਆਪਣੇ ਆਪ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ। ਏਸੇ ਸਮੇਂ ਸੰਤ ਇੰਦਰ ਸਿੰਘ ਚੱਕਰਵਰਤੀ ਸਤਿਗੁਰੂ ਜੀ ਪਾਸ ਪਹੁੰਚੇ। ਉਹਨਾਂ ਨਾਲ ਆਪ ਜੀ ਨੇ ਕੁਝ ਬਚਨ ਕੀਤੇ, ਜਿਸ ਦੇ ਅਧਾਰ ਤੇ 'ਅਟਲ ਪ੍ਰਤਾਪੀ' ਪੁਸਤਕ ਰਚੀ।

ਸ੍ਰੀ ਸਤਿਗੁਰੂ ਜੀ ਨੇ ਬਾਬਾ (ਸਤਿਗੁਰੂ ਜਗਜੀਤ ਸਿੰਘ) ਜੀ ਨੂੰ ਹੁਕਮ ਭੇਜ ਕੇ ੨੨ ਸੌਣ ੬ ਅਗਸਤ ਤੋਂ ਜਪ ਪ੍ਰਯੋਗ ਦਾ ਅਰਦਾਸਾ ਕਰਵਾ ਦਿੱਤਾ, ਜਿਸ ਦਾ ਭੋਗ ੨੬ ਭਾਦਰੋਂ ੧੧ ਸਤੰਬਰ ਨੂੰ ਪੈਣਾ ਸੀ।

ਸ੍ਰੀ ਸਤਿਗੁਰੂ ਜੀ ਦੀ ਦੇਹ ਹੋਰ ਢਿੱਲੀ ਹੋ ਜਾਣ ਕਰਕੇ ਭਾਈ ਜੀ ਦੀ ਚਿੰਤਾ ਵਧ ਰਹੀ ਸੀ। ਉਹ ਚਾਹੁੰਦੇ ਸਨ ਕਿ ਸੱਚੇ ਪਾਤਸ਼ਾਹ ਜੀ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਉਣ ਵਿੱਚ ਢਿੱਲ ਨਾ ਕੀਤੀ ਜਾਵੇ। ਪਰ ਇਸ ਬਾਰੇ ਅਰਜ਼ ਕੌਣ ਕਰੇ? ਸੋਚ-ਸੋਚ ਕੇ ਉਹਨਾਂ ਸ੍ਰੀ ਸਤਿਗੁਰੂ ਜੀ ਨੂੰ ਅੰਦਰੋਂ ਹੀ ਅਰਜ਼ ਕੀਤੀ। ੩੧ ਸੌਣ ੧ ਵਜੇ ਲਾਂਗਰੀ ਰਤਨ ਸਿੰਘ ਜੀ ਨੂੰ ਜਗਾ ਕੇ ਭਾਈ ਜੀ ਕਿਹਾ, "ਰਤਨ ਮੈਂ ਵੀ ਅੰਦਰੋਂ ਅਰਜ਼ ਕਰਦਾ ਹਾਂ ਤੂੰ ਵੀ ਕਰ। ਹੇ ਸੱਚੇ ਪਾਤਸ਼ਾਹੋ! ਸਾਡੀ ਭੈਣੀ ਸਾਹਿਬ ਅਤੇ ਨਾਮਧਾਰੀ ਪੰਥ ਵਲੋਂ ਪੱਤ ਰਖੋ, ਬਖਸ਼ਿਸ਼ ਕਰੋ ਤੇ ਭੈਣੀ ਸਾਹਿਬ ਚੱਲੋ।"

ਸਤਿਗੁਰੂ ਜੀ ਵਲੋਂ ਗੁਪਤ ਅਰਜ਼ ਸੁਣੀ ਗਈ। ਸਤਿਗੁਰੂ ਜੀ ਨੇ ਗਰਮ ਜਲ ਨਾਲ ਇਸ਼ਨਾਨ ਕੀਤਾ, ਆਸਾ ਦੀ ਵਾਰ ਸੁਣੀ ਅਤੇ ਸੰਗਤ ਨਾਲ ਬਚਨ ਬਿਲਾਸ ਕਰਦਿਆਂ ਚੰਗੀ ਧੁੱਪ ਚੜ੍ਹੀ, ਪਹਿਲਾਂ ਤਿਆਰ ਕੀਤੀ ਕਾਰ ਵਿਚ ਆ ਬੈਠੇ। ਰਸਤੇ ਵਿਚ ਨਗਰੋਟੇ ਕੁਝ ਸਮੇਂ ਲਈ ਅਰਾਮ ਕੀਤਾ। ਇਥੋਂ ਹੀ ਭੈਣੀ ਸਾਹਿਬ ਤਾਰ ਭੇਜੀ ਗਈ ਕਿ ਗੋਲ ਮੰਦਰ ਸਾਫ਼ ਕਰਵਾ ਕੇ ਠੰਢਾ ਕੀਤਾ ਜਾਏ ਅਤੇ ਸੰਗਤ ਉਧਰ ਘੱਟ ਆਏ। ਉਥੋਂ ਆਪ ਆਉਂਦਿਆਂ ਪੱਦੀ ਅਤੇ ਫਗਵਾੜੇ ਵਿਚਕਾਰ ਇਕ ਸਾਧੂ ਹਕੀਮ ਨੂੰ ਦਰਸ਼ਨ ਦਿਤੇ, ਉਹ ਬੜਾ ਵੈਰਾਗੀ ਹੋ ਗਿਆ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਗੋਲ ਮੰਦਰ ਆ ਡੇਰਾ ਲਾਇਆ। ਏਥੇ ਸਾਧ ਸੰਗਤ ਕਿਸੇ ਨਾ ਕਿਸੇ ਨੂੰ ਸੁਖ-ਸਾਂਦ ਪੁਛਦੀ ਰਹਿੰਦੀ। ਵਡੇ ਬਾਬਾ ਜੀ ਗੋਲ ਮੰਦਰ ਵਿਚ ਆਉਂਦੇ। ਬੈਠ ਖਲੋ ਨਮਸਕਾਰ ਦਰਸ਼ਨ ਕਰ ਚਲੇ ਜਾਂਦੇ। ਉਹ ਸੰਗਤ ਦੀ ਸੇਵਾ ਵਿਚ ਲੱਗੇ ਰਹਿੰਦੇ। ਭਾਈ ਜੀ ਦੂਰੋਂ ਹੀ ਹਾਲ-ਚਾਲ ਪੁਛਦੇ ਰਹਿੰਦੇ। ਨੇੜੇ ਹੋਣ ਦਾ ਹੌਂਸਲਾ ਨਾ ਕਰ ਸਕਦੇ। ਸ੍ਰੀ ਸਤਿਗੁਰੂ ਜੀ ਜਲ, ਦੁਧ ਜਾਂ ਫਲਾਂ ਦਾ ਰਸ ਸੰਤ ਰਤਨ ਸਿੰਘ ਜੀ ਜਾਂ ਛੋਟੇ ਬਾਬਾ ਜੀ ਤੋਂ ਇਸ਼ਾਰੇ ਨਾਲ ਲੋੜ ਅਨੁਸਾਰ ਛਕਦੇ ਰਹਿੰਦੇ। ਆਪ ਜੀ ਲਈ ਕਦੀ ਕੋਈ ਡਾਕਟਰ ਕਟਾਣੀ ਤੋਂ ਸੱਦਿਆ ਜਾਂਦਾ, ਕਦੀ ਲੁਧਿਆਣੇ ਤੋਂ। ਪਰ ਕਿਸੇ ਨੂੰ ਕਿਸੇ ਸਰੀਰਕ ਤਕਲੀਫ਼ ਦਾ ਥਹੁ ਪਤਾ ਨਾ ਲੱਗਦਾ। ਫਿਰ ਵੀ ਸਰੀਰ ਕਮਜ਼ੋਰ ਹੁੰਦੇ ਜਾਣ ਕਰਕੇ ਹਰ ਇਕ ਦੀ ਚਿੰਤਾ, ਪ੍ਰੇਸ਼ਾਨੀ, ਬੇਚੈਨੀ ਵੱਧ ਗਈ ਸੀ। ਅਖੀਰ ਉਹ ਸਮਾਂ ਆ ਗਿਆ ਜਿਸ ਦਾ ਭਾਰ ਚੁੱਕਣ ਲਈ ਕਿਸੇ ਸਤਿਗੁਰੂ ਦੇ ਪਿਆਰੇ ਕੋਲ ਤਾਕਤ ਤੇ ਸਮਰੱਥਾ ਨਹੀਂ ਸੀ। ੨੨ ਅਗਸਤ ਦੇ ਸ਼ੁਰੂ ਹੁੰਦਿਆਂ ਹੀ ਆਪ ਦੀ ਜੋਤਿ ਨੇ ਪੰਜ ਭੂਤਕ ਸਰੀਰ ਨੂੰ ਤਿਆਗ ਦਿੱਤਾ। ਏਸੇ ਦਿਨ ੬ ਭਾਦਰੋਂ ਨੂੰ ਢਲੀ ਸ਼ਾਮ ਭਾਰੀ ਗਿਣਤੀ ਵਿਚ ਆਪਣੇ ਸਾਧਨਾਂ ਨਾਲ ਦੂਰੋਂ ਨੇੜਿਓ ਪਹੁੰਚੀ ਸਾਧ ਸੰਗਤ ਨੇ ਆਪਣੇ ਸਜਲ ਅਤੇ ਭਰਿਆਂ ਨੈਣਾਂ ਨਾਲ ਆਪ ਜੀ ਦਾ ਸਸਕਾਰ ਕੀਤਾ। ਉਦੋਂ ਹੀ ਬਾਬਾ ਮਹਾਰਾਜ ਬੀਰ ਸਿੰਘ ਜੀ ਨੇ ਆਪਣੇ ਗਲ ਵਾਲੀ ਰੁਮਾਲੀ ਆਸਣ ਦੀ ਤਰ੍ਹਾਂ ਸਸਕਾਰ ਹੁੰਦੇ ਪਾਸ ਹੀ ਵਿਛਾ ਦਿਤੀ ਤੇ ਉਪਰ ਮਹਾਰਾਜ ਜਗਜੀਤ ਸਿੰਘ ਜੀ ਨੂੰ ਬਿਠਾ ਆਪ ਹੱਥ ਜੋੜ ਉਹਨਾਂ ਨੂੰ ਮੱਥਾ ਟੇਕ ਦਿੱਤਾ।

**ਜਸ ਜੀਵਨ ਭਾਗ ੬**

ਜਿਨ੍ਹਾਂ ਇਹ ਸੋਚਿਆ ਸੀ ਕਿ ੨੪ ਅਗਸਤ ਨੂੰ ਸਤਿਗੁਰੂ ਜੀ ਨੂੰ ਕਚਹਿਰੀ ਵਿਚ ਜ਼ਰੂਰ ਪੇਸ਼ ਕਰਨਾ ਹੈ। ਜੇ ਨਾ ਪੇਸ਼ ਹੋਏ ਤਾਂ ਵਾਰੰਟ ਗ੍ਰਿਫ਼ਤਾਰੀ ਜਾਰੀ ਕੀਤੇ ਜਾਣਗੇ ਤੇ ਉਹਨਾਂ ਨੂੰ ਉਦੋਂ ਸਮਝ ਨਹੀਂ ਆਈ ਕਿ ਇਹ ਬਾਬਰ ਕਾ ਨਹੀਂ ਬਾਬੇ ਕਾ ਤਖਤ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਇਕ ਵਾਰ ਬਾਬਰ ਨੂੰ ਕਿਹਾ ਸੀ।

ਕਹੈ ਨਾਨਕ ਸੁਣ ਬਾਬਰ ਮੀਰ,
ਤੁਝ ਤੇ ਮਾਂਗੇ ਸੁ ਅਹਿਮਕ ਫਕੀਰ।

ਇਹ ਵਾਕ ਉਸ ਗੱਦੀ ਦਾ ਅੱਜ ਵੀ ਸੀ ਤਾਂ ਹੀ ਉਹ ਝੂਠੀ ਕਚਹਿਰੀ ਵਿੱਚ ਨਾ ਜਾਣ ਦਾ ਪ੍ਰਣ ਨਿਭਾਉਂਦੇ ਹੋਏ ਸੱਚੀ ਦਰਗਾਹ ਵਿੱਚ ਆਪਣੇ ਅਸਥਾਨ 'ਤੇ ਜਾ ਬਿਰਾਜੇ।

..................................................

**ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਮਾਜਕ ਦੇਣ**

.........ਪ੍ਰਤਾਪ ਸਿੰਘ ਜੀ ਨੇ ਅੱਜ ਤੋਂ ਕਈ ਦਹਾਕੇ ਪਹਿਲਾਂ ਕਾਟਜ ਇੰਡਸਟਰੀ ਦੀ ਬੇਲ ਪਾਈ ਤੇ ਲੋਕਾਂ ਨੂੰ ਆਪਣੇ ਪੈਰਾਂ ਉਤੇ ਆਪ ਖਲੋਣਾ ਦਸਿਆ। ਜੀਵਨ ਵਿਚ ਹਰ ਵਸਤ ਦੀ ਲੋੜ ਹੈ। ਜੇ ਹਰ ਚੀਜ਼ ਦੀ ਲੋੜ ਹੈ ਤਾਂ ਕਿਉਂ ਨਾ ਉਸ ਦੀ ਪ੍ਰਾਪਤੀ ਘਰ ਵਿਚੋਂ ਹੀ ਕੀਤੀ ਜਾਵੇ। ਇਸ ਦਾ ਸਭ ਤੋਂ ਵੱਡਾ ਲਾਭ ਇਹ ਸੀ ਕਿ ਇਕ ਤਾਂ ਲੋਕਾਂ ਨੂੰ ਕੰਮ ਜ਼ਿਆਦਾ ਮਿਲੇਗਾ ਤੇ ਮਜ਼ਦੂਰੀ ਵੱਧ ਜਾਣ ਨਾਲ ਆਮ ਪੱਧਰ ਦੇ ਲੋਕ ਸੁੱਖ ਦੀ ਰੋਟੀ ਖਾਣਗੇ, ਤੇ ਦੂਜਾ, ਪੈਸੇ ਦਾ ਇਕ ਨਵਾਂ ਚੱਕਰ ਬੱਝ ਜਾਏਗਾ ਜਿਹੜਾ ਅਗੇ ਬਾਹਰ ਜਾਂਦਾ ਹੈ, ਜਾਂ ਧਨਾਢਾਂ ਦੀਆਂ ਤਜੌਰੀਆਂ ਵਿਚੋਂ ਨਹੀਂ ਨਿਕਲ ਸਕਦਾ ਤੇ ਸਮਾਜ ਦੇ ਆਮ ਜੀਵ ਇਸ ਦੇ ਲਾਭ ਤੋਂ ਵਾਂਝੇ ਰਹਿੰਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਉਹ ਹਸਤੀ ਸਨ ਜਿਨ੍ਹਾਂ ਨੇ ਸਾਰੇ ਸਮਾਜ ਨੂੰ ਸ਼ਾਂਤਮਈ ਤੇ ਪਿਆਰ ਨਾਲ ਨਵੀਆਂ ਲੀਹਾਂ ਪਾ ਅਗੇ ਤੋਰਿਆ ਤੇ ਨਾਮਧਾਰੀਆਂ ਨੂੰ ਹਰ ਔਕੜ ਤੋਂ ਬਚਾਈ ਰਖਿਆ।

..................................................

# ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲੋਕ ਹਿਤਕਾਰੀ-ਉਪਯੋਗੀ ਦ੍ਰਿਸ਼ਟੀਕੋਣ



ਪ੍ਰੋ. ਕਿਰਪਾਲ ਸਿੰਘ ਕਸੇਲ

**ਵੱਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ**

ਸਤਿਗੁਰੂ ਪਰਤਾਪ ਸਿੰਘ ਜੀ ਨੂੰ ਆਪਣੇ ਸਿਰ ਲਈਆਂ ਜ਼ਿੰਮੇਵਾਰੀਆਂ ਅਤੇ ਕਰਤੱਵਾਂ ਦਾ ਪੂਰਾ-ਪੂਰਾ ਅਹਿਸਾਸ ਸੀ। ਆਪ ਜੀ ਨੇ ਲੋਕ ਹਿੱਤਕਾਰੀ ਦ੍ਰਿਸ਼ਟੀਕੋਣ ਤੋਂ ਦੇਸ਼ ਅਤੇ ਪੰਥ ਦੀ ਸਮੇਂ-ਸਮੇਂ ਸਿਰ ਉਚਿਤ ਅਗਵਾਈ ਕੀਤੀ। ਆਪ ਜੀ ਨੇ ਇੱਕ ਬੰਨੇ ਗੁਰੂ ਦੇ ਆਦਰਸ਼ਕ ਕਰਤੱਵ ਨੂੰ ਨਿਭਾਉਣਾ ਸੀ ਅਤੇ ਦੂਜੇ ਬੰਨੇ ਧਾਰਮਿਕ ਤੌਰ ਤੇ ਨਾਮ ਬਾਣੀ ਨੂੰ ਦ੍ਰਿੜਾਉਣ ਦੇ ਨਾਲ-ਨਾਲ ਨਾਮਧਾਰੀ ਪੰਥ ਨੂੰ ਆਚਰਣਕ ਤੌਰ ਤੇ ਮਜ਼ਬੂਤ ਬਣਾਉਣਾ ਅਤੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਵਿੱਚ ਪਰਪੱਕ ਕਰਨਾ ਸੀ। ਸਤਿਗੁਰੂ ਜੀ ਦੇ ਦਰਬਾਰ ਦੀ ਸਾਂਝੀਵਾਲਤਾ ਨੂੰ ਕਾਇਮ ਰੱਖ ਕੇ ਪੰਥਕ ਕਾਰਵਾਈਆਂ ਦੇ ਨਾਲ-ਨਾਲ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਵੀ ਸਨਮੁੱਖ ਰੱਖਣਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਅਤੇ ਰਾਜਨੀਤੀ ਦਾ ਜਿਹੜਾ ਸੰਜੋਗ ਕਾਇਮ ਕੀਤਾ ਸੀ, ਉਸਦੇ ਉਚਿਤ ਨਿਸ਼ਾਨੇ ਤੇ ਆਦਰਸ਼ ਨੂੰ ਸਦਾ ਸਥਾਪਿਤ ਰੱਖਣਾ ਸੀ। ਉਹ ਆਦਰਸ਼ ਸਨ, ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣਾ ਅਤੇ ਸੁਤੰਤਰਤਾ ਸੰਗਰਾਮ ਦੀਆਂ ਦੇਸ਼ ਭਗਤ ਸ਼ਕਤੀਆਂ ਸੰਗ ਕਦਮ ਨਾਲ ਕਦਮ ਮਿਲਾ ਕੇ ਤੁਰਨਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਦਾ ਹੀ ਆਪਣੇ ਪੰਥ ਲਈ ਉਚਿਤ ਨਿਰਣੇ ਲਏ ਸਨ ਅਤੇ ਨਾਮਧਾਰੀ ਪੰਥ ਨੂੰ ਸਮੁੱਚੇ ਸਿੱਖ ਜਗਤ ਤੋਂ ਵੱਖ ਵੀ ਨਹੀਂ ਸੀ ਹੋਣ ਦਿੱਤਾ। ਹੋਰ ਰਾਜਨੀਤਕ ਦਲਾਂ ਦੇ ਟਾਕਰੇ ਉੱਤੇ ਆਪ ਜੀ ਨੂੰ ਕਿਸੇ ਰਾਜ-ਭਾਗ ਨੂੰ ਪ੍ਰਾਪਤ ਕਰ ਲੈਣ ਦੀ ਅਭਿਲਾਸ਼ਾ ਨਹੀਂ ਸੀ। ਦੇਸ਼-ਭਗਤ ਤੇ ਆਜ਼ਾਦੀ ਦੀਆਂ ਲਹਿਰਾਂ ਨਾਲ ਤਾਲਮੇਲ ਰੱਖਦੇ ਹੋਏ ਅਤੇ ਜ਼ਮੀਨੀ ਹਕੀਕਤਾਂ ਨਾਲ ਸਦਾ ਜੁੜ ਕੇ ਵੀ ਆਪ ਕੰਵਲ ਵਾਂਗ ਨਿਰਲੇਪ ਹੀ ਰਹੇ। ਇਹੋ ਹੀ ਉਹਨਾਂ ਦੇ ਨਿੱਜ-ਵਿਅਕਤੀਤਵ ਦੇ ਬਲਵਾਨ ਚਰਿੱਤਰ ਦਾ ਅਤਿ-ਸੁੰਦਰ, ਸੁਨਹਿਰੀ-ਪੱਖ ਸੀ। ਆਪ ਜੀ ਨੇ ਜਿੱਥੇ ਨਾਮਧਾਰੀ ਪੰਥ ਅਤੇ ਦੇਸ਼ ਲਈ ਉਪਯੋਗੀ ਅਤੇ ਯੁਗਾਨੁਕੂਲ ਨਿਰਣੇ ਲਏ ਉਥੇ ਆਪਣੇ ਆਪ ਨੂੰ ਨਿੱਜੀ ਖਾਹਿਸ਼ਾਂ ਤੋਂ ਸਦਾ ਨਿਰਲੇਪ ਰੱਖਿਆ। ਸੱਚ ਤਾਂ ਇਹ ਹੈ ਕਿ ਆਪ ਜੀ ਨੇ ਆਪਣੇ ਆਪ ਨੂੰ ਧਰਮ ਅਤੇ ਕੌਮ ਲਈ ਪੂਰਨ ਭਾਂਤ ਸਮਰਪਿਤ ਕਰ ਦਿੱਤਾ ਸੀ। ਆਪਣੇ ਜੀਵਨ ਵਿੱਚ ਚੁੱਕੇ ਹਰ ਕਦਮ ਤੋਂ ਆਪ ਜੀ ਦੀ ਵਡਿਆਈ ਦਾ ਸੂਰਜੀ ਪ੍ਰਕਾਸ਼ ਝਲਕਦਾ ਦਿਖਾਈ ਦਿੰਦਾ ਹੈ। ਹਰ ਇਤਿਹਾਸਕ ਖੋਜੀ ਨੂੰ ਆਪ ਜੀ ਦੇ ਯਥਾਰਥਕ ਦ੍ਰਿਸ਼ਟੀਕੋਣ ਦਾ ਵੀ ਕਾਇਲ ਹੋਣਾ ਪੈਂਦਾ ਹੈ।

ਆਪ ਜੀ ਦੇ ਜੀਵਨੀਕਾਰਾਂ ਨੇ ਕਾਲਕ੍ਰਮ ਅਨੁਸਾਰ ਉਹਨਾਂ ਘਟਨਾਵਾਂ ਦਾ ਵੇਰਵੇ ਸਹਿਤ ਵਰਣਨ ਕੀਤਾ ਹੈ, ਜੋ 1939 ਅਰਥਾਤ ਦੂਜੇ ਮਹਾਂਯੁੱਧ ਦੇ ਆਰੰਭ ਤੋਂ ਲੈ ਕੇ 15 ਅਗਸਤ, 1947 ਅਰਥਾਤ ਸੁਤੰਤਰਤਾ ਪ੍ਰਾਪਤੀ ਦੇ ਸਮੇਂ ਤੱਕ ਵਾਪਰੀਆਂ ਹਨ। ਇਥੇ ਉਨ੍ਹਾਂ ਵਿੱਚੋਂ ਕੁਝ ਇੱਕ ਪ੍ਰਮੁੱਖ ਘਟਨਾਵਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ।

**ਕੁਝ ਵਿਸ਼ੇਸ਼ ਮਹੱਤਵਪੂਰਣ ਕਾਰਜ**

ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਸਵਾ ਲੱਖ ਪਾਠਾਂ ਦੀ ਲੜੀ ਨੂੰ ਆਰੰਭ ਕਰਵਾਇਆ ਸੀ, ਇਸ ਉਦੇਸ਼ ਦੀ ਪੂਰਤੀ ਲਈ ਆਪ ਜੀ ਨੇ ਨਾਮਧਾਰੀ ਸੰਗਤਾਂ ਨੂੰ ਵਿਅਕਤੀਗਤ ਤੌਰ ਤੇ ਪਾਠ ਕਰਨ ਅਤੇ ਉਨ੍ਹਾਂ ਦੀ ਗਿਣਤੀ ਰੱਖਣ ਲਈ ਕਿਹਾ। ਭਾਵੇਂ ਕਈ ਸਿੱਖ ਹਲਕਿਆਂ ਵੱਲੋਂ ਨਾਮਧਾਰੀਆਂ ਦੇ 'ਪੱਤਰਾ ਪਾਠ ਦੇ ਸੰਬੰਧ ਵਿੱਚ ਕਈ ਇਤਰਾਜ ਕੀਤੇ ਗਏ, ਪਰ ਸਤਿਗੁਰੂ ਜੀ ਨੇ ਆਪਣੀ ਸਿਆਣਪ ਦੁਆਰਾ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਨੂੰ ਹੱਲ ਕਰ ਲਿਆ। ਇਸ ਦੌਰਾਨ ਸਤਿਗੁਰੂ ਜੀ ਨੇ ਨਾਮਧਾਰੀ ਸਾਧ ਸੰਗਤ ਤੇ ਹਰ ਜੀਵ ਨੂੰ ਤੇ ਹਰ ਨੌਜਵਾਨ ਇਸਤਰੀ ਪੁਰਸ਼ ਨੂੰ ਹਰ ਰੋਜ਼ ਇੱਕ ਘੰਟਾ ਨਾਮ ਸਿਮਰਨ ਲਈ ਆਦੇਸ਼ ਕੀਤਾ। ਪੰਜ ਸਾਲ ਦੇ ਹਰ ਮੁੰਡੇ ਕੁੜੀ ਨੂੰ ਕੰਨ ਵਿੱਚ ਭਜਨ ਦੇਣ ਦੀ ਆਗਿਆ ਕੀਤੀ। ਸਤਿਗੁਰੂ ਰਾਮ

ਸਿੰਘ ਜੀ ਦੇ ਹੁਕਮ ਅਨੁਸਾਰ ਹਰ ਨਾਮਧਾਰੀ ਨੂੰ ਗੁਰਮੁਖੀ ਅੱਖਰ ਸਿੱਖਣ ਅਤੇ ਪੜ੍ਹਨ ਲਈ ਪ੍ਰੇਰਿਆ। ਗੁਰਬਾਣੀ ਦਾ ਸ਼ੁੱਧ ਪਾਠ ਅਤੇ ਸਹੀ ਉਚਾਰਨ ਕਰਨ ਦੀ ਤਾਕੀਦ ਕੀਤੀ। ਆਪਣੇ ਵਿਸ਼ੇਸ਼ ਧਾਰਮਿਕ ਸਮਾਗਮਾਂ ਉੱਤੇ ਸ਼ੁੱਧ ਪਾਠ ਕਰਨ ਵਾਲੇ ਪਾਠੀਆਂ ਨੂੰ ਇਨਾਮਾਂ ਨਾਲ ਨਿਵਾਜ਼ਿਆ। ਬੀਬੀਆਂ ਨੂੰ ਬੜਾ ਬਰੀਕ ਸੂਤ ਕੱਤਣ ਲਈ ਉਤਸ਼ਾਹਿਤ ਕੀਤਾ ਅਤੇ ਇਸ ਸੰਬੰਧ ਵਿੱਚ ਮੁਕਾਬਲੇ ਕਰਵਾ ਕੇ ਇਨਾਮ ਵੀ ਦਿੱਤੇ। ਇਸ ਤੋਂ ਬਿਨਾਂ ਪਸ਼ੂ ਧਨ ਦੀ ਉਚੇਚੀ ਸੰਭਾਲ ਕੀਤੀ ਅਤੇ ਚੰਗੀ ਨਸਲ ਦੀਆਂ ਮੱਝਾਂ ਗਾਵਾਂ ਨੂੰ ਉਦਮੀ ਪਸ਼ੂ-ਪਾਲਕਾਂ ਦੀ ਦੇਖ-ਰੇਖ ਦਿੱਤੀ। ਸਤਿਗੁਰੂ ਪਰਤਾਪ ਸਿੰਘ ਜੀ 'ਸਫ਼ਾਈ ਤੇ ਸੁੱਚ ਸੋਧ' ਉੱਤੇ ਵਧੇਰੇ ਜ਼ੋਰ ਦਿੰਦੇ ਸਨ। ਸੁੱਚ ਸੋਧ ਨੂੰ ਧਾਰਨ ਕਰਨ ਨਾਲ ਸਿੱਖਾਂ ਦੇ ਜੀਵਨ ਵਿੱਚ ਸੰਜਮ ਤੇ ਉੱਦਮ ਦੀ ਭਾਵਨਾ ਪੈਦਾ ਹੁੰਦੀ ਸੀ।

## ਰਾਜਨੀਤਕ ਤੇ ਸਭਿਆਚਾਰਕ ਸਰਗਰਮੀਆਂ

ਧਾਰਮਿਕ ਕਾਰਜਾਂ ਤੋਂ ਬਿਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮਾਜਿਕ ਤੇ ਰਾਜਨੀਤਕ ਕਾਰਜਾਂ ਤੇ ਉਦੇਸ਼ਾਂ ਨੂੰ ਕਦੀ ਵੀ ਅੱਖਾਂ ਤੋਂ ਪਰੋਖੇ ਨਹੀਂ ਸੀ ਕੀਤਾ। ਸਗੋਂ ਸੁਚੇਤ ਰੂਪ ਵਿੱਚ ਆਪਣੇ ਵੱਲੋਂ ਅਤੇ ਨਾਮਧਾਰੀ ਪੰਥ ਵੱਲੋਂ ਭਰਪੂਰ ਯੋਗਦਾਨ ਪਾਇਆ। 1934 ਵਿੱਚ ਭੈਣੀ ਸਾਹਿਬ ਵਿਖੇ ਕੀਤੇ ਗਏ ਗੁਰੁ ਨਾਨਕ ਨਾਮ-ਲੇਵਾ ਸਰਬ-ਸੰਪਰਦਾਵਾਂ ਦੇ ਵਿਸ਼ੇਸ਼ ਸੰਮੇਲਨ ਦੇ ਉਦੇਸ਼ਾਂ ਨੂੰ ਅੱਗੇ ਤੋਂ ਵੀ ਜਾਰੀ ਰੱਖਿਆ। ਭਿੰਨ-ਭਿੰਨ ਸਿੱਖ ਸੰਪਰਦਾਵਾਂ ਦੇ ਵਖੇਵਿਆਂ ਨੂੰ ਦੂਰ ਕਰਕੇ ਇੱਕ ਸੂਤਰ ਵਿੱਚ ਪਰੋਣ ਦੇ ਅਮਲ ਨੂੰ ਸਦਾ ਅੱਗੇ ਤੋਰਿਆ। ਇਸ ਉਦੇਸ਼ ਲਈ 1940 ਦੇ ਦਹਾਕੇ ਵਿੱਚ ਵੀ ਕਈ ਸੰਮੇਲਨ ਕੀਤੇ। ਆਪ ਜੀ ਨੇ ਭਾਰਤ ਦੀ ਕੌਮੀ ਏਕਤਾ ਉੱਤੇ ਸਦਾ ਪਹਿਰਾ ਦਿੱਤਾ। ਜਦੋਂ ਇਹ ਵੇਖਿਆ ਕਿ ਮੁਸਲਮਾਨ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿੱਚ ਭਾਰਤ ਦੀ ਕੌਮੀ ਏਕਤਾ ਨੂੰ ਭੰਗ ਕਰਕੇ ਮੁਸਲਮਾਨਾਂ ਨੂੰ ਇੱਕ ਵੱਖਰੀ ਕੌਮ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਤਾਂ ਆਪ ਜੀ ਨੇ ਆਪਣੇ ਉਦੇਸ਼ਾਂ ਅਨੁਸਾਰ ਭਾਰਤ ਦੇ ਸਾਰੇ ਧਰਮਾਂ ਦੀ ਏਕਤਾ ਤੇ ਵਿਸ਼ੇਸ਼ ਕਰਕੇ ਹਿੰਦੂ-ਸਿੱਖ ਏਕਤਾ ਤੇ ਵਧੇਰੇ ਬਲ ਦਿੱਤਾ। ਅੰਗਰੇਜ਼ਾਂ ਦੀ ਕੂਟਨੀਤੀ ਨੇ ਭਾਸ਼ਾ ਦੇ ਪੱਖ ਤੋਂ ਵੀ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿੱਚ ਪਾੜੇ ਪਾਉਣ ਦਾ ਯਤਨ ਕੀਤਾ। ਅੰਗਰੇਜ਼ੀ ਸਰਕਾਰ ਨੇ ਆਪਣੇ ਰਾਜ-ਕਾਲ ਵਿੱਚ ਪੰਜਾਬ ਦੀ ਖੇਤਰੀ-ਭਾਸ਼ਾ ਪੰਜਾਬੀ ਨੂੰ ਨਜ਼ਰ-ਅੰਦਾਜ਼ ਕਰਕੇ ਹੇਠਲੇ ਪੱਧਰ ਉੱਤੇ ਉਰਦੂ ਅਤੇ ਉਪਰਲੇ ਪੱਧਰ ਉੱਤੇ ਅੰਗਰੇਜ਼ੀ ਨੂੰ ਪ੍ਰਚਲਿਤ ਕੀਤਾ। ਸਕੂਲਾਂ ਤੇ ਕਾਲਜਾਂ ਵਿੱਚ ਉਰਦੂ ਨੂੰ ਮੈਟ੍ਰਿਕ ਤੱਕ ਵਿੱਦਿਆ ਦਾ ਮਾਧਿਅਮ ਬਣਾਇਆ ਗਿਆ ਅਤੇ ਦਸਵੀਂ ਤੋਂ ਪਿਛੋਂ ਕਾਲਜ ਤੇ ਯੂਨੀਵਰਸਿਟੀ ਦੇ ਵਿਸ਼ਿਆਂ ਲਈ ਅੰਗਰੇਜ਼ੀ ਨੂੰ ਮਾਧਿਅਮ ਬਣਾ ਦਿੱਤਾ। ਸਰਕਾਰੀ ਅਦਾਲਤਾਂ ਵਿੱਚ ਵੀ ਉਰਦੂ ਤੇ ਅੰਗਰੇਜ਼ੀ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਅੰਗਰੇਜ਼ਾਂ ਦੇ ਰਾਜ-ਕਾਲ ਵਿੱਚ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਸਰਕਾਰੀ ਅਤੇ ਵਿੱਦਿਅਕ ਪੱਧਰ ਉੱਤੇ ਯੋਗ ਸਥਾਨ ਕਦੀ ਵੀ ਨਹੀਂ ਸੀ ਦਿੱਤਾ ਗਿਆ। ਇਨ੍ਹਾਂ ਸਭ ਸਮਾਜਿਕ ਤੇ ਸਭਿਆਚਾਰਕ ਹਕੀਕਤਾਂ ਨੂੰ ਮੁੱਖ ਰੱਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਦਾ ਸੁਮੇਲ ਤੇ ਲੋਕ-ਹਿੱਤਕਾਰੀ ਦ੍ਰਿਸ਼ਟੀਕੋਣ ਨੂੰ ਅਪਨਾਇਆ। ਨਿਰਾ ਅਪਨਾਇਆ ਹੀ ਨਹੀਂ, ਸਗੋਂ ਉਸ ਉੱਤੇ ਪਹਿਰਾ ਦਿੱਤਾ ਅਤੇ ਇਨ੍ਹਾਂ ਕੌਮੀ ਉਦੇਸ਼ਾਂ ਦੇ ਵਾਧੇ ਲਈ ਵੱਖ-ਵੱਖ ਸਮੇਂ ਭਰਪੂਰ ਯਤਨ ਕੀਤੇ।

## ਮਿਲਾਪ ਸੰਮੇਲਨ

20 ਅਕਤੂਬਰ, 1941 ਨੂੰ ਸੋਮਵਾਰ, ਦਿਵਾਲੀ ਵਾਲੇ ਦਿਨ ਮਾਸਟਰ ਤਾਰਾ ਸਿੰਘ ਜੀ ਦੇ ਉੱਦਮ ਨਾਲ ਇੱਕ ਮਿਲਾਪ ਕਾਨਫਰੰਸ ਅੰਮ੍ਰਿਤਸਰ ਵਿਖੇ ਕੀਤੀ ਗਈ, ਜਿਸ ਵਿੱਚ ਸਭ ਪੰਥਾਂ ਦੇ ਸਿੱਖ ਸ਼ਾਮਲ ਹੋਏ। ਨਾਮਧਾਰੀ ਸਿੱਖਾਂ ਵੱਲੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ ਜੀ ਵੀ ਗਏ। ਉਦਾਸੀਆਂ ਦੇ ਗੁਰੂ ਨਾਨਕ ਜੀ ਦੇ ਡੇਰਿਆਂ ਦੀ ਥਾਂ ਉੱਤੇ ਰਾਇ ਬਹਾਦਰ ਗੋਬਿੰਦ ਦਾਸ ਦੇ ਮੰਦਰ ਬਣਾਉਣ ਦੇ ਫੈਸਲੇ ਨੂੰ ਰੱਦ ਕੀਤਾ ਗਿਆ। ਉਹਨਾਂ ਨੂੰ ਉਦਾਸੀਆਂ ਕੋਲ ਹੀ ਰਹਿਣ ਦੇਣ ਦਾ ਮਤਾ ਪਾਸ ਕੀਤਾ ਗਿਆ। ਦਿਵਾਲੀ ਦਾ ਨਾਮਧਾਰੀ ਸਿੱਖਾਂ ਦਾ ਸੰਮੇਲਨ 19-20 ਅਕਤੂਬਰ ਨੂੰ ਅੰਮ੍ਰਿਤਸਰ ਵਿਖੇ ਤੀਰਥ ਸ਼ਾਹ ਦੇ ਹਾਤੇ ਵਿੱਚ ਕੀਤਾ ਗਿਆ।

9 ਨਵੰਬਰ, 1941 ਨੂੰ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਇੱਕ ਹੋਰ ਅਜਿਹਾ ਸਿੱਖ ਸੰਪਰਦਾਵਾਂ ਤੇ ਆਗੂਆਂ ਦਾ ਵਿਸ਼ੇਸ਼ ਸੰਮੇਲਨ ਹੋਇਆ, ਜਿਸ ਵਿੱਚ ਪ੍ਰਿੰਸੀਪਲ ਨਿਰੰਜਣ ਸਿੰਘ ਤੋਂ ਬਿਨਾਂ ਪ੍ਰਿੰ. ਗੰਗਾ ਸਿੰਘ ( ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਗਿਆਨੀ ਗੁਰਮੁਖ ਸਿੰਘ ਮੁਸਾਫਿਰ (ਮੁੱਖ ਸੰਪਾਦਕ ਅਕਾਲੀ), ਸ੍ਰ. ਸਰਦੂਲ ਸਿੰਘ ਕਵੀਸ਼ਰ, ਅਵਤਾਰ ਸਿੰਘ ਆਜ਼ਾਦ, ਪ੍ਰਤਾਪ ਸਿੰਘ ਕੈਰੋਂ ਅਤੇ ਕਈ ਹੋਰ ਉੱਘੇ ਨੇਤਾ ਹਾਜ਼ਰ ਸਨ। ਬੀਬੀ ਲੀਲਾਵੰਤੀ

ਤੇ ਆਤਮਾ ਸਿੰਘ ਦੇ ਨਾਮਧਾਰੀ ਜਥੇ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਨਨਕਾਣਾ ਸਾਹਿਬ ਵਾਲੇ ਪ੍ਰਸਿੱਧ ਰਾਗੀ ਭਾਈ ਸਮੁੰਦ ਸਿੰਘ ਵੱਲੋਂ ਵੀ ਕੀਰਤਨ ਕੀਤਾ ਗਿਆ। ਪ੍ਰਿੰ. ਗੰਗਾ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿੱਖਾਂ ਵਿੱਚ ਮੇਲ-ਮਿਲਾਪ ਦੇ ਆਰੰਭ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਆਤਮਾ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲਿਖਤੀ ਸੰਦੇਸ਼ ਪੜ੍ਹ ਕੇ ਸੁਣਾਇਆ, "ਗੁਰੂ ਨਾਨਕ ਦਾ ਬਾਗ ਖਿੜਿਆ ਦੇਖ ਮੈਨੂੰ ਬਹੁਤ ਪ੍ਰਸੰਨਤਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਇੱਕ ਹਜ਼ਾਰ ਰੁਪਇਆ ਸੰਮੇਲਨ ਲਈ ਅਤੇ ਢਾਈ ਸੌ ਰੁਪਇਆ ਕਾਲਜ ਦੇ ਲੰਗਰ ਲਈ ਭੇਟ ਕੀਤਾ ਗਿਆ।

1942 ਈ. ਦੇ ਹੋਲੇ ਦਾ ਪੁਰਬ 30 ਮਾਰਚ ਤੋਂ ਲੈ ਕੇ 2 ਅਪ੍ਰੈਲ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਗਿਆ। ਇਹ ਸਮਾਗਮ ਵੀ ਸਰਬ ਸੰਪਰਦਾਵਾਂ ਦੇ ਮੇਲ-ਮਿਲਾਪ ਨੂੰ ਮੁੱਖ ਰੱਖ ਕੇ ਬੁਲਾਇਆ ਗਿਆ ਸੀ। ਇਸ ਵਿੱਚ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪੁੱਜੀਆਂ ਸਨ। ਸੰਤ ਨਿਧਾਨ ਸਿੰਘ ਆਲਮ ਨੇ ਸੁਆਗਤੀ ਭਾਸ਼ਣ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ ਦੇ ਗੁਰਬਾਣੀ ਦੇ ਸ਼ਬਦਾਂ ਨਾਲ ਆਰੰਭ ਕੀਤਾ ਅਤੇ ਆਪਣੇ ਲੰਮੇ ਸੁਆਗਤੀ ਭਾਸ਼ਣ ਵਿੱਚ ਮੇਲ-ਮਿਲਾਪ ਦੇ ਉਦੇਸ਼ਾਂ ਉੱਤੇ ਵਿਸਥਾਰ ਨਾਲ ਪ੍ਰਕਾਸ਼ ਪਾਇਆ।

ਤਾਰਾ ਸਿੰਘ ਅਨਜਾਣ ਦੇ ਸ਼ਬਦਾਂ ਵਿੱਚ, 'ਨਾਮਧਾਰੀ ਦਿਵਾਨ ਤਾਂ ਚਿੱਟੀ ਚਾਦਰ ਹੀ ਹੁੰਦਾ ਸੀ, ਪਰ ਕਾਨਫਰੰਸ ਤਾਂ ਰੰਗ ਬਿਰੰਗੀ ਫੁਲਕਾਰੀ ਹੁੰਦੀ ਸੀ।

ਰਾਸ਼ਟਰੀ ਪੱਧਰ ਉੱਤੇ ਵੀ ਉੱਘੇ ਕਾਨੂੰਨਦਾਨ ਸ੍ਰੀ ਕੇ.ਐਮ, ਮੁਨਸ਼ੀ ਅਤੇ ਸੇਠ ਜੁਗਲ ਕਿਸ਼ੋਰ ਬਿਰਲਾ ਨੇ ਕੌਮੀ ਏਕਤਾ ਦੇ ਯਤਨ ਸ਼ੁਰੂ ਕੀਤੇ ਸਨ। ਉਹਨਾਂ ਨੇ 20 ਮਾਰਚ, 1943 ਨੂੰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਕੀਤੀ ਅਤੇ ਇਥੋਂ ਜਾ ਕੇ ਆਪਣੇ ਪੱਤਰ 'ਸੋਸ਼ਲ ਵੈਲਫੇਅਰ' ਵਿੱਚ ਆਪਣੇ ਪ੍ਰਤੀਕਰਮ ਇਸ ਤਰ੍ਹਾਂ ਪ੍ਰਗਟਾਇ "ਅੱਜ ਤੀਕ ਅਸੀਂ ਵੈਦਿਕ ਰਿਸ਼ੀਆਂ ਦੇ ਆਸ਼ਰਮਾਂ ਦਾ ਹਾਲ ਪੜ੍ਹਦੇ ਹੀ ਆਏ ਸਾਂ ਪਰ ਅੱਖੀਂ ਵੇਖਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ। ਸ੍ਰੀ ਭੈਣੀ ਸਾਹਿਬ ਆ ਕੇ ਸਾਡੀ ਉਹ ਸੱਧਰ ਪੂਰੀ ਹੋ ਗਈ। ਸ੍ਰੀ ਭੈਣੀ ਸਾਹਿਬ ਦੇ ਕੱਚੇ ਕੋਠੇ ਤੇ ਘਾਸ-ਫੂਸ ਦੇ ਛੱਪਰ ਅੱਜ ਦੇ ਮਾਦਾ-ਪਰਸਤ ਸਰਮਾਏਦਾਰੀ ਦੇ ਜੁਗ ਵਿੱਚ ਵੀ ਆਪਣੀ ਇੱਕ ਵੱਖਰੀ ਸ਼ਾਨ ਰੱਖਦੇ ਹਨ, ਜਿਨ੍ਹਾਂ ਨੂੰ ਵੇਖ ਕੇ ਚਟਕੀਲੇ-ਭਟਕੀਲੇ ਮੰਦਰ ਸ਼ਰਮਸਾਰ ਪਏ ਹੁੰਦੇ ਹਨ।

ਸੰਤ 'ਚੱਕ੍ਰਵਰਤੀ ਅਨੁਸਾਰ ਜਦੋਂ ਸੇਠ ਜੁਗਲ ਕਿਸ਼ੋਰ ਬਿਰਲਾ ਨੇ ਸ੍ਰੀ ਭੈਣੀ ਸਾਹਿਬ ਵਿਖੇ ਲੱਖਾਂ ਰੁਪਇਆ ਖਰਚ ਕੇ ਉੱਚਾ ਮੰਦਰ ਦੇ ਨਿਰਮਾਣ ਕਰਨ ਲਈ ਬੇਨਤੀ ਕੀਤੀ ਤਾਂ ਸਤਿਗੁਰੁ ਪਰਤਾਪ ਸਿੰਘ ਜੀ ਦਾ ਉੱਤਰ ਸੀ : 'ਚੱਕ੍ਰਵਰਤੀ ਜੀ ! ਸੇਠ ਦੇ ਮੰਦਰ ਨਾਲੋਂ ਮੈਨੂੰ ਇਹਨਾਂ ਕੱਚਿਆਂ ਕੋਠਿਆਂ ਤੇ ਛੱਪਰਾਂ 'ਤੇ ਬਹੁਤਾ ਮਾਣ ਹੈ।'

**ਮਾਤ-ਭਾਸ਼ਾ ਪੰਜਾਬੀ ਦੇ ਵਿਕਾਸ ਲਈ ਵਿਸ਼ੇਸ਼ ਯੋਗਦਾਨ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਸਵਦੇਸ਼ੀ ਭਾਸ਼ਾਵਾਂ ਲਈ ਵਿਸ਼ੇਸ਼ ਸਨੇਹ ਦਰਸਾਇਆ ਅਤੇ ਜਨ-ਸਮੂਹ ਨੂੰ 'ਬੋਲੀ ਅਵਰ ਤੁਮਾਰੀ' ਦਾ ਤਾਅਨਾ ਵੀ ਦਿੱਤਾ। ਮੁਗਲ-ਕਾਲ ਵਿੱਚ ਦਸ ਗੁਰੂ ਸਾਹਿਬਾਨ ਨੇ ਪੰਜਾਬੀ ਅਤੇ ਸੁਦੇਸ਼ੀ ਭਾਸ਼ਾਵਾਂ ਦੇ ਵਾਧੇ ਲਈ ਅਨੇਕ ਯਤਨ ਕੀਤੇ ਅਤੇ ਸੁਦੇਸ਼ੀ ਭਾਸ਼ਾਵਾਂ ਦੀਆਂ ਨੀਹਾਂ ਪੱਕੀਆਂ ਕੀਤੀਆਂ। ਸਤਿਗੁਰੁ ਰਾਮ ਸਿੰਘ ਜੀ ਨੇ ਵੀ ਗੁਰਮੁਖੀ ਅੱਖਰਾਂ ਨੂੰ ਪੜ੍ਹਨ ਪੜਾਉਣ ਅਤੇ ਪੰਜਾਬੀ ਭਾਸ਼ਾ ਨੂੰ ਨਿਵਾਜਿਆ। ਪੰਜਾਬੀ ਤੇ ਸੁਦੇਸ਼ੀ ਭਾਸ਼ਾਵਾਂ ਦੇ ਕਈ ਸਾਹਿਤਕਾਰ ਸਤਿਗੁਰੁ ਸਾਹਿਬਾਨ ਦੇ ਹਜ਼ੂਰੀ ਰਤਨ ਬਣੇ ਰਹੇ। ਹਰ ਸਮੇਂ ਗੁਰੂ ਸਾਹਿਬਾਨ ਦੇ ਨਿਕਟਵਰਤੀ ਮੰਡਲ ਵਿੱਚ ਉੱਚ ਕੋਟੀ ਦੇ ਸਾਹਿਤਕਾਰ ਗੁਰੂ-ਘਰ ਦੀ ਸਰਪ੍ਰਸਤੀ ਪ੍ਰਾਪਤ ਕਰਦੇ ਰਹੇ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆਪਣੇ ਗੁਰੂ-ਕਾਲ ਵਿੱਚ ਗੁਰੂ ਸਾਹਿਬਾਨ ਵੱਲੋਂ ਅਪਣਾਈ ਗਈ ਏਸੇ ਰੀਤੀ ਨੂੰ ਅੱਗੇ ਤੋਰਿਆ। ਜਦੋਂ ਅੰਗਰੇਜ਼ੀ ਰਾਜ-ਕਾਲ ਦੌਰਾਨ ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਦਾ ਸਦਾ ਨਿਰਾਦਰ ਕੀਤਾ ਜਾਂਦਾ ਰਿਹਾ ਤੇ ਪੰਜਾਬੀ ਨੂੰ, ਜੋ ਉਸਦਾ ਅਧਿਕਾਰ ਸੀ, ਉਹ ਸਥਾਨ ਨਾ ਮਿਲਿਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਬੰਨੇ ਉਚੇਚਾ ਧਿਆਨ ਦਿੱਤਾ ਅਤੇ ਕਈ ਸਮਾਗਮ ਮਾਤ-ਭਾਸ਼ਾ ਪੰਜਾਬੀ ਦੇ ਵਾਧੇ ਲਈ ਕੀਤੇ। ਉਂਜ ਤਾਂ ਹਰ ਸਾਲ ਹੋਲੇ ਦੇ ਪੁਰਬ ਉੱਤੇ ਕੀਤੇ ਜਾਂਦੇ ਕਵੀ ਦਰਬਾਰ ਅਤੇ "ਸਤਿਜੁਗ' ਵਰਗੇ ਸਪਤਾਹਿਕ ਪੱਤਰ ਵੱਲੋਂ ਲਗਾਤਾਰ ਪੰਜਾਬੀ ਭਾਸ਼ਾ ਦੇ ਵਾਧੇ ਲਈ ਪ੍ਰਚਾਰ ਕੀਤਾ ਜਾਂਦਾ ਰਿਹਾ। ਪਰ ਏਥੇ ਮਹੱਤਵਪੂਰਨ ਸਮਾਗਮਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ।

**ਸ਼ਿਮਲਾ ਵਿਖੇ ਪੰਜਾਬੀ ਕਾਨਫਰੰਸ**

6 ਸਤੰਬਰ, 1942 ਨੂੰ ਸ਼ਿਮਲਾ ਵਿਖੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਕਾਨਫਰੰਸ ਕੀਤੀ ਗਈ। ਇਸ ਪੰਜਾਬੀ ਸੰਮੇਲਨ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ

ਅਤੇ ਸਟੇਜ ਸਕੱਤਰ ਪ੍ਰੋ. ਅਬਦੁਲ ਮਜੀਦ ਖਾਂ ਸਨ। ਪੰਜਾਬ ਦੇ ਬਹੁਤ ਸਾਰੇ ਉੱਘੇ ਕਵੀ ਇਸ ਸਮਾਗਮ 'ਤੇ ਪੁੱਜੇ, ਜਿਨ੍ਹਾਂ ਵਿੱਚ ਸਰਵਸ੍ਰੀ ਡਾ. ਫ਼ਕੀਰ ਮੁਹੰਮਦ, ਅਵਤਾਰ ਸਿੰਘ ਆਜ਼ਾਦ, ਅਵਤਾਰ ਸਿੰਘ ਦਲੇਰ, ਲਾਲਾ ਸੁੰਦਰ ਦਾਸ ਆਸੀ, ਫੀਰੋਜ਼ਦੀਨ ਸ਼ਰਫ, ਕਰਤਾਰ ਸਿੰਘ ਬਲੱਗਣ, ਬਲਦੇਵ ਰਾਜ ਬੇਕਲ, ਉਸਤਾਦ ਦਾਮਨ, ਸਾਧੂ ਸਿੰਘ ਹਮਦਰਦ ਆਦਿ ਸਨ। ਪੰਜ ਘੰਟੇ ਲਗਾਤਾਰ ਇਨ੍ਹਾਂ ਕਵੀਆਂ ਨੇ ਕਵੀ ਦਰਬਾਰ ਦੀ ਸ਼ੋਭਾ ਨੂੰ ਵਧਾਇਆ ਅਤੇ ਸਰੋਤਿਆਂ ਨੂੰ ਕੀਲੀ ਰੱਖਿਆ।

ਮਾਤ-ਭਾਸ਼ਾ ਪੰਜਾਬੀ ਦੇ ਵਾਧੇ ਲਈ ਪ੍ਰੋ. ਗੰਗਾ ਸਿੰਘ, ਮਹਾਸ਼ਾ ਖੁਸ਼ਹਾਲ ਚੰਦ, ਆਤਮਾ ਸਿੰਘ, ਸੰਤ ਇੰਦਰ ਸਿੰਘ ਚੱਕ੍ਰਵਰਤੀ, ਕਰਤਾਰ ਸਿੰਘ ਦੀਵਾਨਾ, ਗਿਆਨੀ ਕਰਤਾਰ ਸਿੰਘ ਆਦਿ ਨੇ ਭਾਸ਼ਣ ਦਿੱਤੇ।

ਇਸ ਸੰਮੇਲਨ ਵਿੱਚ ਤਿੰਨ ਮਤੇ ਪ੍ਰਵਾਨ ਕੀਤੇ ਗਏ, ਜਿਨ੍ਹਾਂ ਵਿੱਚ ਦਿੱਲੀ ਅਤੇ ਲਾਹੌਰ ਰੇਡੀਓ ਸਟੇਸ਼ਨਾਂ ਉੱਤੇ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਯੋਗ ਸਥਾਨ ਦਿਵਾਉਣਾ; ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਪੰਜਾਬੀ ਭਾਸ਼ਾ ਨੂੰ ਉਚਿਤ ਸਥਾਨ ਦਿਵਾਉਣਾ ਅਤੇ ਸਰਕਾਰੀ ਤੌਰ ਤੇ ਉਨ੍ਹਾਂ ਅਫਸਰਾਂ ਤੇ ਕਰਮਚਾਰੀਆਂ ਨੂੰ ਨਿਯੁਕਤ ਕਰਨਾ ਜੋ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਯੋਗ ਸਥਾਨ ਦਿਵਾ ਸਕਣ।

ਇਸ ਸੰਮੇਲਨ ਵਿੱਚ ਅਗਾਮੀ ਦੁਸਹਿਰੇ ਦੇ ਅਵਸਰ ਉੱਤੇ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਾਲ ਪੰਜਾਬੀ ਕਾਨਫਰੰਸ ਕਰਨ ਦਾ ਵੀ ਐਲਾਨ ਕੀਤਾ ਗਿਆ।

### ਸ੍ਰੀ ਭੈਣੀ ਸਾਹਿਬ ਦਾ ਬਹੁਮੰਤਵੀ ਵਿਸ਼ਾਲ ਸਮਾਗਮ

1-2 ਕੱਤਕ 1942 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਾਲ ਸਮਾਗਮ ਕੀਤਾ ਗਿਆ, ਜੋ ਪੰਜਾਬੀ ਭਾਸ਼ਾ ਦੀ ਉੱਨਤੀ ਦੇ ਨਾਲ-ਨਾਲ ਬਹੁਮੰਤਵੀ ਸਮਾਗਮ ਹੋ ਕੇ ਸਿਰੇ ਚੜ੍ਹਿਆ। ਤਰਨ ਸਿੰਘ ਵਹਿਮੀ ਅਨੁਸਾਰ ਇਸ ਸਮਾਗਮ ਵਿੱਚ 40 ਤੋਂ 50 ਹਜ਼ਾਰ ਦੀ ਗਿਣਤੀ ਵਿੱਚ ਸੰਗਤਾਂ ਦਾ ਵੱਡਾ ਇਕੱਠ ਹੋਇਆ। ਇਸ ਪੰਜਾਬੀ ਕਾਨਫਰੰਸ ਦੀ ਪ੍ਰਧਾਨਗੀ ਪੰਜਾਬ ਸਰਕਾਰ ਦੇ ਵਜ਼ੀਰ ਸ. ਬਲਦੇਵ ਸਿੰਘ ਨੇ ਕੀਤੀ। ਸ. ਆਤਮਾ ਸਿੰਘ ਨੇ ਸੁਆਗਤੀ ਭਾਸ਼ਣ ਪੜ੍ਹਿਆ ਅਤੇ ਸਮਾਗਮ ਦੇ ਉਦੇਸ਼ਾਂ ਉੱਤੇ ਪ੍ਰਕਾਸ਼ ਪਾਇਆ । ਪੰਜਾਬੀ ਭਾਸ਼ਾ ਨੂੰ ਰੇਡੀਓ ਦੇ ਪ੍ਰਸਾਰਨ ਵਿੱਚ ਉਚਿਤ ਸਥਾਨ ਦੇਣ ਲਈ ਅਤੇ ਸਕੂਲਾਂ ਕਾਲਜਾਂ ਦੇ ਪਾਠਕ੍ਰਮ ਵਿੱਚ ਪੰਜਾਬੀ ਨੂੰ ਬਣਦਾ ਸਥਾਨ ਦੇਣ ਲਈ ਮਤੇ ਪਾਸ ਕੀਤੇ ਗਏ। ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਸਰਵ ਧਰਮਾਂ ਦੇ ਮੇਲ-ਮਿਲਾਪ ਲਈ ਬੁਲਾਏ ਗਏ ਇਸ ਸਮਾਗਮ ਵਿੱਚ ਜਨਤਾ ਦੇ ਹਰ ਤਬਕੇ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਕਈ ਉਘੀਆਂ ਹਸਤੀਆਂ ਨੇ ਦਰਸ਼ਨ ਦਿੱਤੇ, ਜਿਨ੍ਹਾਂ ਵਿੱਚੋਂ ਕੁਝ ਸੱਜਣ ਸਰਵਸ੍ਰੀ ਅਰਜਨ ਸਿੰਘ ਬਾਗੜੀਆਂ, ਪ੍ਰਿੰ. ਜੋਧ ਸਿੰਘ, ਬਾਵਾ ਗੁਰਮੁੱਖ ਸਿੰਘ, ਗਿਆਨੀ ਤੇਜਾ ਸਿੰਘ ਨਿਰਮਲ ਮਹਾਂ ਮੰਡਲ, ਪ੍ਰਿੰ. ਗੰਗਾ ਸਿੰਘ (ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਪ੍ਰੋ. ਤੇਜਾ ਸਿੰਘ, ਪ੍ਰੋ. ਅਬਦੁਲ ਮਜੀਦ ਖਾਂ, ਲਾਲਾ ਧਨੀ ਰਾਮ ਚਾਤ੍ਰਿਕ, ਸ੍ਰੀ ਰਣਬੀਰ ਆਰੀਆ ਸਮਾਜ ਦੇ ਪ੍ਰਤੀਨਿਧ ਵਜੋਂ, ਮਹੰਤ ਸੁੰਦਰ ਦਾਸ ਸਿਆਲਕੋਟੀ, ਮਿ. ਏ. ਪ੍ਰਸਾਦਿ ਈਸਾਈ ਭਾਈਚਾਰੇ ਵੱਲੋਂ ਸ਼ਾਮਲ ਹੋਏ। ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਭੇਖਾਂ ਦੇ ਆਗੂ, ਅਖ਼ਬਾਰਾਂ ਦੇ ਐਡੀਟਰ, ਸਕੂਲਾਂ ਕਾਲਜਾਂ ਦੇ ਅਧਿਆਪਕ, ਪ੍ਰੋਫੈਸਰ ਤੇ ਪ੍ਰਿੰਸੀਪਲ ਅਤੇ ਹੋਰ ਅਣਗਿਣਤ ਸੱਜਣ ਪੰਜਾਬੀ ਭਾਸ਼ਾ ਦੇ ਪਿਆਰ ਅਤੇ ਸਭ ਧਰਮਾਂ ਦੇ ਮੇਲ-ਮਿਲਾਪ ਦੇ ਉਦੇਸ਼ ਨੂੰ ਮੁੱਖ ਰੱਖ ਕੇ ਹਾਜ਼ਰੀ ਭਰਨ ਆਏ।

ਪਹਿਲੇ ਸੈਸ਼ਨ ਵਿੱਚ ਉੱਘੇ ਬੁਲਾਰਿਆਂ ਦੇ ਭਾਸ਼ਣਾਂ ਪਿਛੋਂ ਇਹ ਮਤਾ ਪਾਸ ਕੀਤਾ ਗਿਆ ਕਿ 'ਪੰਜਾਬੀ ਸਕੂਲਾਂ ਕਾਲਜਾਂ ਵਿੱਚ ਪੜ੍ਹਾਈ ਜਾਵੇ, ਕਚਹਿਰੀਆਂ ਵਿੱਚ ਪੰਜਾਬੀ ਵਰਤੀ ਜਾਵੇ ਅਤੇ ਪੰਜਾਬ ਦੇ ਲਾਹੌਰ ਰੇਡੀਓ ਸਟੇਸ਼ਨ ਉੱਤੇ ਪੰਜਾਬੀ ਹੀ ਬੋਲੀ ਜਾਵੇ।

2 ਕੱਤਕ ਨੂੰ ਅੰਮ੍ਰਿਤ ਵੇਲੇ ਦੇ ਸਵੇਰ ਦੇ ਦੀਵਾਨ ਪਿਛੋਂ ਗੁਰੂ ਗ੍ਰੰਥ ਸਾਹਿਬ ਦੀਆਂ 84 ਬੀੜਾਂ ਦਾ ਪ੍ਰਕਾਸ਼ ਕਰਕੇ ਅਤੇ ਦਸਮ ਗ੍ਰੰਥਾਂ ਦਾ ਪ੍ਰਕਾਸ਼ ਕਰਕੇ ਇੱਕ ਲੱਖ ਸਤਾਈ ਹਜ਼ਾਰ ਪਾਠ ਆਦਿ ਗ੍ਰੰਥ ਸਾਹਿਬ ਦੇ ਅਤੇ ਦਸਮ ਗ੍ਰੰਥ ਦੇ 31 ਪਾਠਾਂ ਦੇ ਵਿਧੀ ਪੂਰਵਕ ਭੋਗ ਪਾਏ ਗਏ। ਆਦਿ ਗ੍ਰੰਥ ਸਾਹਿਬ ਦੇ ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕੀਤੇ ਗਏ ਸਨ। ਤਰਨ ਸਿੰਘ ਵਹਿਮੀ ਅਨੁਸਾਰ ਇਹ ਦ੍ਰਿਸ਼ ਬੜਾ ਆਲੌਕਿਕ ਅਤੇ ਯਾਦਗਾਰੀ ਪ੍ਰਭਾਵ ਪਾਉਣ ਵਾਲਾ ਸੀ। 2 ਕੱਤਕ ਦੇ ਸ਼ਾਮ ਦੇ ਸੈਸ਼ਨ ਦੀ ਪ੍ਰਧਾਨਗੀ ਪ੍ਰਿੰ. ਜੋਧ ਸਿੰਘ ਨੇ ਕੀਤੀ, ਜਿਸ ਵਿੱਚ ਪ੍ਰਿੰ. ਗੰਗਾ ਸਿੰਘ, ਪ੍ਰੋ. ਤੇਜਾ ਸਿੰਘ, ਬਾਵਾ ਗੁਰਮੁਖ ਸਿੰਘ ਨੇ ਤਕਰੀਰਾਂ ਕੀਤੀਆਂ। ਏਸੇ ਸੈਸ਼ਨ ਵਿੱਚ ਦੋ ਮਤੇ ਪ੍ਰਵਾਨ ਕੀਤੇ ਗਏ, ਜਿਨ੍ਹਾਂ ਵਿੱਚ ਪਹਿਲਾ ਪ੍ਰੋ. ਅਬਦੁਲ ਮਜੀਦ ਖਾਂ ਵੱਲੋਂ ਪੇਸ਼ ਕੀਤਾ ਗਿਆ ਕਿ "ਪੰਜਾਬੀ ਬੋਲੀ ਨੂੰ ਉੱਨਤੀ ਤੇ ਏਕਤਾ ਦਾ ਵਸੀਲਾ ਬਣਾਇਆ ਜਾਵੇ। ਇਸ ਮਤੇ ਦੀ ਪ੍ਰੋੜਤਾ ਪੰਜਾਬੀ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਕੀਤੀ।

ਦੂਜਾ ਮਤਾ ਪ੍ਰਿੰ. ਤੇਜਾ ਸਿੰਘ ਵੱਲੋਂ ਪੇਸ਼ ਕੀਤਾ

ਗਿਆ, ਜਿਸ ਦਾ ਸਾਰ ਸੀ ਕਿ ਹਰ ਸ਼ਹਿਰ ਵਿੱਚ ਇਸੇ ਤਰ੍ਹਾਂ ਦੇ ਸਮਾਗਮ ਸਭ ਧਰਮਾਂ ਦੇ ਮੇਲ-ਮਿਲਾਪ ਨੂੰ ਮੁੱਖ ਰੱਖ ਕੇ ਕੀਤੇ ਜਾਣ ਇਸ ਮਤੇ ਦੀ ਪ੍ਰੋੜਤਾ ਸੰਤ ਨਿਧਾਨ ਸਿੰਘ ਆਲਮ ਨੇ ਕੀਤੀ।

### ਸਰਬ-ਧਰਮ ਪ੍ਰਾਰਥਨਾ

ਇਸ ਵਿਸ਼ੇਸ਼ ਸਮਾਗਮ ਦਾ ਇੱਕ ਹੋਰ ਮੁੱਖ ਉਦੇਸ਼ ਸਭ ਧਰਮਾਂ ਦਾ ਮੇਲ-ਮਿਲਾਪ ਸੀ। ਇਹ ਮਤਾ ਪ੍ਰਵਾਨ ਕੀਤਾ ਗਿਆ ਕਿ ਹਰ ਧਰਮ ਦੇ ਮੰਨਣ ਵਾਲੇ ਆਪਣੇ-ਆਪਣੇ ਧਰਮ ਦਾ ਮੰਡਨ ਰੂਪ ਵਿੱਚ ਪ੍ਰਚਾਰ ਕਰਨ ਅਤੇ ਕਿਸੇ ਹੋਰ ਧਰਮ ਦਾ ਖੰਡਨ ਜਾਂ ਨਿੰਦਾ ਨਾ ਕੀਤੀ ਜਾਵੇ। ਭਾਰਤ ਦੇ ਧਰਮਾਂ ਵਿੱਚ ਸੰਸਕ੍ਰਿਤਿਕ ਤੌਰ ਤੇ ਸਰਬ ਧਰਮ ਸਮ-ਭਾਵ ਨੂੰ ਮੁੱਖ ਰੱਖਿਆ ਗਿਆ ਹੈ। ਸਭ ਧਰਮ ਆਪਣੀ-ਆਪਣੀ ਥਾਂ ਗੁਣਕਾਰੀ ਹਨ ਅਤੇ ਸਰਵ ਧਰਮਾਂ ਦਾ ਪਰਸਪਰ ਸਹਿਚਾਰ ਭਾਰਤ ਦੇ ਅਧਿਆਤਮਕ ਸਭਿਆਚਾਰ ਦਾ ਮੁੱਖ ਆਦਰਸ਼ ਸਦੀਆਂ ਤੋਂ ਹੀ ਰਿਹਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਹੋਏ ਇਸ ਅਦੁੱਤੀ ਏਕਤਾ ਸੰਮੇਲਨ ਦੀ ਸਮਾਪਤੀ ਸਰਬ-ਧਰਮ ਪ੍ਰਾਰਥਨਾ ਦੇ ਰੂਪ ਵਿੱਚ ਹੋਈ ਜੋ ਆਪਣੇ ਆਪ ਵਿੱਚ ਇੱਕ ਨਿਵੇਕਲੀ ਪਰੰਪਰਾ ਸੀ।

"ਪ੍ਰੋ. ਅਬਦੁਲ ਮਜੀਦ ਖਾਂ ਨੇ ਮੁਸਲਮਾਨੀ ਤਰੀਕੇ ਨਾਲ 'ਬਿਸਮਿਲਾ' ਤੋਂ ਸ਼ੁਰੂ ਕੀਤੀ ਅਤੇ ਮਿ. ਏ. ਪ੍ਰਸਾਦ ਨੇ 'ਹੇ ਖੁਦਾਵੰਦ ਤੇਰੀ ਪਾਕ ਰੂਹ' ਤੋਂ ਦੁਆ ਸ਼ੁਰੂ ਕੀਤੀ, ਰਣਬੀਰ ਜੀ ਨੇ ਆਰੀਆ ਸਮਾਜੀ ਤਰੀਕੇ ਨਾਲ 'ਓਮ ਤੋਂ ਪ੍ਰਾਰਥਨਾ ਸ਼ੁਰੂ ਕੀਤੀ, ਪ੍ਰਿੰ. ਜੋਧ ਸਿੰਘ ਨੇ ਸਿੱਖ ਧਰਮ ਮਰਿਯਾਦਾ ਅਨੁਸਾਰ, "ਤੂੰ ਠਾਕੁਰ ਤੁਮ ਪਹਿ ਅਰਦਾਸਿ ਤੋਂ ਅਰਦਾਸ ਸ਼ੁਰੂ ਕੀਤੀ।"

ਇਸ ਪ੍ਰਕਾਰ ਦੋ ਦਿਨ ਦਾ ਇਹ ਸ਼ਾਨਦਾਰ ਸਮਾਗਮ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਦਾਰਤਾ ਪੂਰਵਕ ਧਾਰਮਿਕ ਦ੍ਰਿਸ਼ਟੀਕੋਣ ਅਤੇ ਸਮਾਜਿਕ ਤੌਰ ਤੇ ਕੌਮੀ ਏਕਤਾ ਦੀ ਭਾਵਨਾ ਦੀ ਪ੍ਰਤੱਖ ਰੂਪ ਵਿੱਚ ਸ਼ਾਹਦੀ ਭਰਦਾ ਹੈ।

ਸੰਤ ਤਰਨ ਸਿੰਘ ਵਹਿਮੀ ਨੇ ਪੁਸਤਕ ਜਸ ਜੀਵਨ ਵਿੱਚ ਦੋ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿੱਜੀ ਜੀਵਨ-ਚਰਿੱਤਰ ਦੇ ਨਿਰਸਵਾਰਥੀ ਤੇ ਪਰਮਾਰਥੀ ਦ੍ਰਿਸ਼ਟੀਕੋਣ ਦਾ ਪਤਾ ਲੱਗਦਾ ਹੈ। "ਕੋਟ ਦੇ ਜਥੇਦਾਰ ਮੰਗਲ ਸਿੰਘ 500 ਮੱਥਾ ਟੇਕਿਆ। ਝੱਟ ਬਾਅਦ ਇੱਕ ਰੋਗ ਦੀ ਦਵਾਈ ਮੰਗੀ ਤਾਂ ਸਤਿਗੁਰੂ ਜੀ ਕਿਹਾ ਪੈਸੇ ਚੁੱਕ ਲੈ। ਉਹ ਚੁੱਪ ਕਰ ਰਿਹਾ।" "ਸਤਿਗੁਰੂ ਜੀ ਨਨਕਾਣੇ ਚੁਬਾਰੇ ਤੇ ਖੜੇ ਦੇਖਦੇ ਸੀ, ਇੱਕ ਸੋਧੀ ਨੇ ਇੱਕ ਬੁੱਢੜੀ ਨੂੰ ਧੱਕਾ ਮਾਰਿਆ। ਉਹ ਚਿੱਕੜ ਵਿੱਚ ਡਿੱਗ ਪਈ। ਸਤਿਗੁਰੂ ਜੀ ਉਥੋਂ ਹੀ ਤੇਜ਼ੀ ਨਾਲ ਬੋਲ ਝਿੜਕਿਆ ਤੇ ਕੋਲ ਸੱਦ ਕਿਹਾ, ਉਸ ਦੇ ਕੱਪੜੇ ਧੋ ਕੇ ਦੇ ਤੇ ਮਾਫ਼ੀ ਮੰਗ ਉਸ ਤੋਂ। ਚੰਡਾਲ ਨੂੰ ਨਾਲ ਲੈ ਸੋਧੀ ਬਣਿਆ ਫਿਰਦਾ ਹੈਂ। ਕੁਝ ਸੋਚ ਕਰ, ਸੋਧ ਦਾ ਅਰਥ ਕੀ ਹੈ? ਤੂੰ ਭਾਰੀ ਭੁੱਲ ਕੀਤੀ ਹੈ, ਅਗੋਂ ਕੰਨਾਂ ਨੂੰ ਹੱਥ ਲਾ ਸਿੱਖ ਸੱਤ ਬਚਨ ਕੀਤਾ। ਕੰਨਾਂ ਨੂੰ ਹੱਥ ਲਾਏ ਤਾਂ ਕਿਹੋ ਨੇ ਸੋਧ 'ਸਭ ਦੀ ਸੇਵਾ ਕਰਨੀ ਤੇ ਮਨ ਨੀਵਾਂ ਰੱਖਣ ਨੂੰ ਆਖਦੇ ਹਨ।"

ਸਰਬ ਧਰਮ ਮੇਲ ਮਿਲਾਪਾਂ ਦੀ ਲੜੀ ਵਿੱਚ ਇੱਕ ਹੋਰ ਸਮਾਗਮ ਅੰਮਿਤਸਰ ਦੇ ਅਕਾਲੀ ਬਾਗ ਵਿੱਚ 14 ਮੱਘਰ 1999 ਬਿ. (29-11-1942 ਈ.) ਨੂੰ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਸਾਰੇ ਧਰਮਾਂ ਦੇ ਪੈਰੋਕਾਰਾਂ ਨੇ ਰਲ ਕੇ ਜਲੂਸ ਵੀ ਕੱਢਿਆ। ਇਸ ਵਿੱਚ ਸਤਿਗੁਰੁ ਪਰਤਾਪ ਸਿੰਘ ਜੀ ਤੇ ਬਹੁਤ ਸਾਰੀ ਨਾਮਧਾਰੀ ਸੰਗਤ ਵੀ ਸ਼ਾਮਲ ਹੋਈ।

### ਲਾਰਡ ਵੇਵਲ ਵੱਲੋਂ ਬੁਲਾਈ ਗਈ ਸ਼ਿਮਲਾ ਕਾਨਫਰੰਸ

25 ਜੂਨ, 1945 ਨੂੰ ਭਾਰਤ ਦੇ ਤਤਕਾਲੀ ਵਾਇਸਰਾਏ ਲਾਰਡ ਵੇਵਲ ਨੇ ਭਾਰਤ ਦੇ ਸਭ ਤਬਕਿਆਂ, ਧਰਮਾਂ ਅਤੇ ਰਾਜਨੀਤਕ ਆਗੂਆਂ ਦੇ ਚੋਣਵੇਂ 21 ਪ੍ਰਤੀਨਿਧਾਂ ਨੂੰ ਸ਼ਿਮਲਾ ਵਿਖੇ ਗੱਲਬਾਤ ਲਈ ਬੁਲਾਇਆ ਅਤੇ ਅੰਗਰੇਜ਼ ਸਰਕਾਰ ਵੱਲੋਂ ਆਪਣੀ ਨਵੀਂ ਯੋਜਨਾ ਬਾਰੇ ਦੱਸਿਆ। ਇਸ ਯੋਜਨਾ ਦਾ ਮਨੋਰਥ ਭਾਰਤ ਵਿੱਚ ਨਵੇਂ ਸੰਵਿਧਾਨ ਦੇ ਬਣਨ ਤੱਕ ਸਭ ਤਬਕਿਆਂ ਦੇ ਪ੍ਰਤੀਨਿਧਾਂ ਦਾ ਕਾਰਜਕਾਰੀ ਕੌਂਸਲ ਨੂੰ ਬਣਾਉਣਾ ਸੀ, ਜਿਸ ਦੇ ਸਾਰੇ ਮੈਂਬਰ ਗਵਰਨਰ ਜਨਰਲ ਨੂੰ ਛੱਡ ਕੇ ਭਾਰਤੀ ਹੋਣਗੇ। ਇਥੋਂ ਤੱਕ ਕਿ ਵਿਦੇਸ਼ ਵਿਭਾਗ ਵੀ ਭਾਰਤੀ ਪ੍ਰਤੀਨਿਧ ਨੂੰ ਦਿੱਤਾ ਜਾਵੇਗਾ। ਪ੍ਰਾਂਤਾਂ ਵਿੱਚ ਵੀ ਗਵਰਨਰਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਘਟਾ ਕੇ ਵਿਸ਼ੇਸ਼ ਅਧਿਕਾਰ ਅਸੈਂਬਲੀਆਂ ਵਿੱਚ ਚੁਣੇ ਗਏ ਪ੍ਰਤੀਨਿਧਾਂ ਦੇ ਹਵਾਲੇ ਕੀਤੇ ਜਾਣਗੇ।

ਜੰਗ ਦੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਸਾਰੇ ਕਾਂਗਰਸੀ ਤੇ ਹੋਰ ਰਾਜਨੀਤਕ ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ। ਮੁਹੰਮਦ ਅਲੀ ਜਿਨਾਹ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਲੈਜਿਸਲੇਟਿਵ ਕੌਂਸਲ ਵਿੱਚ ਮੁਸਲਮਾਨਾਂ ਵਿੱਚੋਂ ਲਏ ਗਏ ਸਾਰੇ ਪ੍ਰਤੀਨਿਧ ਮੁਸਲਿਮ ਲੀਗ ਵਿੱਚੋਂ ਹੀ

ਹੋਣੇ ਚਾਹੀਦੇ ਹਨ। ਆਪਣੇ ਦੋ ਕੌਮਾਂ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਜਿਨਾਹ ਵੱਖਰੇ ਰਾਜ ਦੀ ਮੰਗ ਕਰ ਰਿਹਾ ਸੀ। ਸਿੱਖਾਂ ਵੱਲੋਂ ਵੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਆਜ਼ਾਦ ਸਿੱਖ ਸਟੇਟ ਦੀ ਮੰਗ ਕੀਤੀ ਗਈ। ਕਈ ਕਾਰਨਾਂ ਕਰਕੇ, ਜਿਨ੍ਹਾਂ ਵਿੱਚੋਂ ਵੱਡਾ ਮੁਹੰਮਦ ਅਲੀ ਜਿਨਾਹ ਦਾ ਹੱਠ-ਧਰਮੀ ਵਾਲਾ ਵਤੀਰਾ ਸੀ, ਇਹ ਯੋਜਨਾ ਸਫਲ ਨਾ ਹੋ ਸਕੀ। ਚੋਟੀ ਦੇ ਕਾਂਗਰਸੀ ਨੇਤਾ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਗੋਬਿੰਦ ਵਲਭ ਪੰਤ, ਮੌਲਾਨਾ ਆਜ਼ਾਦ, ਅਬਦੁਲ ਗੁਫਾਰ ਖਾਂ (ਸਰਹੱਦੀ ਗਾਂਧੀ) ਅਤੇ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਵੀ ਆਏ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਉਨ੍ਹਾਂ ਦਿਨਾਂ ਵਿੱਚ ਸ਼ਿਮਲੇ ਵਿੱਚ ਠਹਿਰੇ ਹੋਏ ਸਨ। ਆਪ ਜੀ ਦੀ ਇੱਕ ਮੁਲਾਕਾਤ ਉਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਹੋਈ, ਜਿਸ ਦੇ ਬੜੇ ਰੌਚਿਕ ਵੇਰਵੇ ਨਾਮਧਾਰੀ ਲੇਖਕਾਂ ਵੱਲੋਂ ਦਿੱਤੇ ਗਏ ਹਨ।

ਤਰਨ ਸਿੰਘ ਵਹਿਮੀ ਅਨੁਸਾਰ ਜਦੋਂ ਪੰਡਿਤ ਜਵਾਹਰ ਲਾਲ ਤੇ ਹੋਰ ਕਾਂਗਰਸੀ ਕਿਣ-ਮਿਣ ਹੋ ਰਹੀ ਸੀ। ਪੰਡਿਤ ਜੀ ਨੇ ਅੱਗੇ ਹੋ ਕੇ ਸੀਸ ਝੁਕਾਇਆ, ਸਤਿਗੁਰੂ ਜੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਜਫੀ ਵਿੱਚ ਲੈ ਲਿਆ। ਅੰਦਰ ਬੈਠ ਕੇ ਵਿਚਾਰ-ਵਟਾਂਦਰੇ ਪਿਛੋਂ ਪੰਡਿਤ ਜੀ ਦੇ ਪੁੱਛਣ ਤੇ ਕਿ ਤੁਹਾਡੀ ਕੋਈ ਖਾਸ ਮੰਗ ਹੈ ਤਾਂ ਸਤਿਗੁਰੂ ਜੀ ਨੇ ਕਿਹਾ ਸਾਡੀ ਕੋਈ ਖਾਸ ਮੰਗ ਨਹੀਂ। ਅਸੀਂ ਕੇਵਲ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦੇ ਹਾਂ। ਬਾਕੀ, ਹਰ ਤਰ੍ਹਾਂ ਨਾਲ ਤੁਹਾਡੇ ਨਾਲ ਹਾਂ, ਮੈਂ ਕੋਰੇ ਕਾਗਜ਼ 'ਤੇ ਦਸਤਖਤ ਕਰ ਦਿੰਦਾ ਹਾਂ, ਜੋ ਮਰਜੀ ਹੈ ਤੁਸੀਂ ਲਿਖ ਲੈਣਾ। ਸਤਿਗੁਰੂ ਜੀ ਨੇ ਕੋਰੇ ਕਾਗਜ਼ ਉੱਤੇ ਆਪਣੇ ਨਾਮ ਦੇ ਅੱਖਰ 'ਪਰਤਾਪ ਸਿੰਘ ਨਾਮਧਾਰੀ, ਭੈਣੀ ਸਾਹਿਬ' ਲਿਖ ਦਿੱਤਾ। ਇਹ ਵਾਰਤਾ 25 ਜੂਨ 1945 ਦੀ ਹੈ। ਪੰਡਿਤ ਜੀ ਨੇ ਮਹਾਤਮਾ ਗਾਂਧੀ ਜੀ ਨੂੰ ਇਸ ਮੁਲਾਕਾਤ ਬਾਰੇ ਸਭ ਕੁਝ ਦੱਸ ਦਿੱਤਾ ਕਿ ਸਿੱਖਾਂ ਦੇ ਨਾਮਧਾਰੀ ਸਤਿਗੁਰੂ ਵੀ ਸਾਡੇ ਨਾਲ ਹਨ।

ਲਾਰਡ ਵੇਵਲ ਦੀ ਇਸ ਯੋਜਨਾ ਵਿੱਚ ਮੁਹੰਮਦ ਅਲੀ ਜਿਨਾਹ ਵੱਖਰੇ ਹੋਣ ਤੇ ਵੱਖਰੇ ਰਾਜ ਦੀ ਵੀ ਮੰਗ ਕਰ ਰਿਹਾ ਸੀ, ਜਿਸ ਨਾਲ ਪੰਜਾਬ ਅਤੇ ਬੰਗਾਲ ਦੀ ਵੰਡ ਬਾਰੇ ਵੀ ਸੰਕੇਤ ਸੀ। ਸ. ਖੁਸ਼ਵੰਤ ਸਿੰਘ ਇਸ ਤਜਵੀਜ਼ ਨੂੰ ਸਿੱਖਾਂ ਦੇ ਗਲੇ ਉੱਤੇ ਛੁਰੀ ਰੱਖਣ ਵਾਲੀ ਦੱਸਦਾ ਹੈ। ਉਸ ਅਨੁਸਾਰ, ਜੂਨ 1945 ਦੇ ਅਖੀਰਲੇ ਹਫਤੇ ਵਿੱਚ ਨੇਤਾਵਾਂ ਦੀ ਇਕੱਤਰਤਾ ਸ਼ਿਮਲਾ ਵਿਖੇ ਹੋਈ ਪਰ ਇਹ ਕਾਨਫਰੰਸ ਇਸ ਕਾਰਨ ਟੁੱਟ ਗਈ ਕਿਉਂ ਜੁ ਜਿਨਾਹ ਚਾਹੁੰਦਾ ਸੀ ਕਿ ਕਾਰਜਕਾਰੀ ਕੌਂਸਲ ਵਿੱਚ ਮੁਸਲਮਾਨਾਂ ਦੀ ਪ੍ਰਤੀਨਿਧਤਾ ਕੇਵਲ ਮੁਸਲਿਮ ਲੀਗ ਹੀ ਕਰਨ। ਉਸਦਾ ਇਹ ਦਾਅਵਾ ਮੰਨਣ ਯੋਗ ਨਹੀਂ ਸੀ। ਬਹੁਤ ਸਾਰੇ ਕਾਂਗਰਸੀ ਨੇਤਾਵਾਂ ਨੂੰ ਇਹ ਮੰਗ ਪ੍ਰਵਾਨ ਨਹੀਂ ਸੀ ਪਰ ਉਨ੍ਹਾਂ ਵਿੱਚੋਂ ਕੁਝ ਇਹ ਮੰਨਣ ਲਈ ਤਿਆਰ ਸਨ ਕਿ ਜੇਕਰ ਮੁਸਲਮਾਨ ਵੱਖ ਹੋਣਾ ਚਾਹੁਣ ਤਾਂ ਉਹਨਾਂ ਨੂੰ ਇਹ ਅਧਿਕਾਰ ਦੇਣਾ ਚਾਹੀਦਾ ਹੈ। ਪਰ ਉਨ੍ਹਾਂ ਨੂੰ ਇਹ ਆਗਿਆ ਨਹੀਂ ਦੇਣੀ ਚਾਹੀਦੀ ਕਿ ਜਿਹੜੇ ਇਹ ਨਹੀਂ ਚਾਹੁੰਦੇ, ਉਨ੍ਹਾਂ ਨੂੰ ਨਾਲ-ਨਾਲ ਘਸੀਟਿਆ ਜਾਵੇ। ਦੂਜੇ ਸ਼ਬਦਾਂ ਵਿੱਚ, ਇਹ ਮੰਗ ਪ੍ਰਵਾਨ ਕਰ ਲਈ ਜਾਵੇ ਤਾਂ ਪੰਜਾਬ ਅਤੇ ਬੰਗਾਲ) ਦੀ ਵੰਡ ਵੀ ਕਰਨੀ ਪਏਗੀ। ਇਹ ਸਿੱਖਾਂ ਦੇ ਗਲੇ ਉੱਤੇ ਛੁਰੀ ਰੱਖਣ ਵਾਲੀ ਗੱਲ ਸੀ।

**ਆਉਣ ਵਾਲੇ ਭਾਣੇ ਬਾਰੇ ਸੁਚੇਤ ਹੋਣਾ**

ਸਤਿਗੁਰੂ ਪਰਤਾਪ ਸਿੰਘ ਜੀ ਕੇਵਲ ਧਾਰਮਿਕ ਜੁੰਮੇਵਾਰੀਆਂ ਦੇ ਨਾਲ-ਨਾਲ ਬੀਤ ਰਹੀਆਂ ਤੇ ਬੀਤਣ ਵਾਲੀਆਂ ਰਾਜਨੀਤਕ ਘਟਨਾਵਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਸ਼ਿਮਲਾ ਕਾਨਫਰੰਸ ਦੇ ਸਾਰੇ ਸਮਾਚਾਰਾਂ ਤੋਂ ਉਨ੍ਹਾਂ ਨੇ ਬੁੱਝ ਲਿਆ ਸੀ ਕਿ ਰਾਜਨੀਤਕ ਹਾਲਾਤ ਤੇ ਘਟਨਾ-ਚੱਕਰ ਕਿਸ ਦਿਸ਼ਾ ਵੱਲ ਮੋੜ ਕੱਟ ਰਹੇ ਸਨ।

1946 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਨੇ ਸਥਿਤੀ ਨੂੰ ਹੋਰ ਵੀ ਸਪੱਸ਼ਟ ਕਰ ਦਿੱਤਾ ਸੀ। 1946 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ 175 ਸੀਟਾਂ ਵਿੱਚੋਂ ਮੁਸਲਿਮ ਲੀਗ ਨੂੰ 75, ਕਾਂਗਰਸ ਨੂੰ 51, ਯੂਨੀਅਨਿਸਟ ਪਾਰਟੀ ਨੂੰ 20, ਅਕਾਲੀਆਂ ਨੂੰ 21 ਅਤੇ ਆਜ਼ਾਦ ਉਮੀਦਵਾਰਾਂ ਨੂੰ 8 ਸੀਟਾਂ ਪ੍ਰਾਪਤ ਹੋਈਆਂ। ਮੁਸਲਿਮ ਲੀਗ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਜੋਂ ਸਾਹਮਣੇ ਆਈ ਪਰ ਯੂਨੀਅਨਿਸਟ ਪਾਰਟੀ ਦੇ ਆਗੂ ਸਰ ਖਿਜ਼ਰ ਹਯਾਤ ਨੇ ਕਾਂਗਰਸ, ਅਕਾਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਗਠਜੋੜ ਨਾਲ ਆਪਣੀ ਸਰਕਾਰ ਕਾਇਮ ਕਰ ਲਈ। ਮੁਸਲਿਮ ਲੀਗ ਨੂੰ ਬੜੀ ਨਿਰਾਸ਼ਾ ਹੋਈ। ਉਨ੍ਹਾਂ ਨੇ ਵੱਖਰੇ ਦੇਸ਼ ਦੀ ਵੰਡ ਨੂੰ ਉਭਾਰਿਆ ਅਤੇ ਫਿਰਕੂ ਲੀਹਾਂ ਉੱਤੇ ਵੱਖਵਾਦੀ ਲਹਿਰ ਨੂੰ ਪੂਰੇ ਤਾਣ ਨਾਲ ਜਥੇਬੰਦ ਕੀਤਾ। ਜੱਕੋ-ਤੱਕੇ ਤੇ ਡਾਵਾਂਡੋਲ ਮੁਸਲਿਮ ਪ੍ਰਤੀਨਿਧ ਸਾਂਝੇ ਫਰੰਟ ਦੀ ਸਰਕਾਰ ਨਾਲੋਂ ਮੁਸਲਿਮ ਲੀਗ ਵੱਲ ਵਧੇਰੇ ਝੁਕਾਅ ਰੱਖਣ ਲੱਗੇ। ਦੇਸ਼-ਵੰਡ ਅਤੇ ਵੱਖਰੇ ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ ਪਾਕਿਸਤਾਨ ਦੀ ਮੰਗ ਜ਼ੋਰ ਫੜਨ ਲੱਗੀ। ਉਨ੍ਹਾਂ ਵੱਲੋਂ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਰਾਜਨੀਤਕ

ਹਾਲਤ ਨੂੰ ਮੁੱਖ ਰੱਖ ਕੇ 1946 ਈ. ਦੇ ਸ਼ੇਖੂਪੁਰੇ ਬੇਦਾਦ ਦੇ ਹੋਲੇ ਉੱਤੇ ਸਪੱਸ਼ਟ ਸ਼ਬਦਾਂ ਵਿੱਚ ਆਪਣੇ ਸੇਵਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਐਲਾਨ ਕੀਤਾ, "ਰਾਵੀ ਬਿਆਸ ਤੋਂ ਪਾਰ ਮਾਲ ਅਤੇ ਬਾਲ ਬਿਰਧ ਜੋ ਹੁਣੇ ਲੈ ਜਾਏਗਾ, ਸੌਖਾ ਰਹੇਗਾ। ਜੋ ਨਾ ਲਿਜਾਵੇਗਾ, ਔਖਾ ਹੋਵੇਗਾ।"

ਆਪ ਜੀ ਦੀ ਦੂਰਦਰਸ਼ਤਾ ਨੇ 1947 ਦੀਆਂ ਦੇਸ਼-ਵੰਡ ਸਮੇਂ ਵਾਪਰਨ ਵਾਲੀਆਂ ਅਨਹੋਣੀਆਂ ਦਾ ਪਹਿਲਾਂ ਹੀ ਅਨੁਮਾਨ ਲਾ ਲਿਆ ਸੀ। ਸਾਰੀ ਸਥਿਤੀ ਨੂੰ ਮੁੱਖ ਰੱਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਿਸਾਰ ਦੇ ਜ਼ਿਲ੍ਹੇ ਵਿੱਚ ਕੁਝ ਪਿੰਡਾਂ ਦੀ ਬੇ-ਆਬਾਦ ਹਜ਼ਾਰਾਂ ਏਕੜ ਬੰਜਰ ਜ਼ਮੀਨ ਨੂੰ ਖਰੀਦਣ ਲਈ ਜਿਸ ਤਰ੍ਹਾਂ ਯੋਜਨਾ ਬਣਾਈ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ ਸਿਆਣਪ ਭਰੇ ਯਤਨ ਕੀਤੇ, ਉਨ੍ਹਾਂ ਦਾ ਵਿਸਥਾਰ ਪੂਰਵਕ ਵਰਣਨ ਤਾਰਾ ਸਿੰਘ ਅਨਜਾਣ ਦੀ ਪੁਸਤਕ ਵਿੱਚ ਦਿੱਤਾ ਗਿਆ ਹੈ ਉਸ ਵਿੱਚੋਂ ਕੁਝ ਲੋੜੀਂਦੇ ਹਵਾਲੇ ਇੱਥੇ ਦਿੱਤੇ ਜਾ ਰਹੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਕੁਝ ਸੇਵਕਾਂ ਨਾਲ ਸਰਸੇ ਤੋਂ ਰਾਜਸਥਾਨ ਵੱਲ ਜਾ ਰਹੇ ਸਨ। ਓਟੂ ਪਿੰਡ ਤੋਂ 10 ਮੀਲ ਅੱਗੇ ਜਾ ਕੇ ਆਪ ਨੇ ਆਪਣੀ ਕਾਰ ਰੋਕ ਕੇ ਆਲੇ-ਦੁਆਲੇ ਦੀ ਬੇ-ਆਬਾਦ ਬੰਜਰ ਜ਼ਮੀਨ ਉੱਤੇ ਨਜ਼ਰ ਦੌੜਾਈ। "ਇਹ ਜ਼ਮੀਨ ਬੇਆਬਾਦ ਸੀ, ਰੇਤਲੀ ਤੇ ਬੰਜਰ ਜਾਂ ਫਿਰ ਮਲ੍ਹੇ-ਝਾੜੀਆਂ, ਵਣ ਤੇ ਕਰੀਰ ਆਦਿ ਦਾ ਜੰਗਲ ਸੀ। ਇਹ ਕਿਰਤੀ-ਕਾਮੇ, ਮਿਹਨਤੀ-ਮੁਸ਼ਕਤੀ ਹੱਥਾਂ ਦੀ ਛੋਹ ਨੂੰ ਤਰਸਦੀ ਸੀ, ਆਪ ਜੀ ਨੂੰ ਭਾ ਗਈ। ਆਪ ਜੀ ਨੇ ਇਸ ਨੂੰ ਖਰੀਦਣ ਦਾ ਮਨ ਬਣਾ ਲਿਆ। ਹੋਰ ਪੁੱਛ-ਗਿੱਛ ਕਰਨ ਤੋਂ ਪਤਾ ਲੱਗਾ ਕਿ ਇਹ ਜ਼ਮੀਨ ਚੁਰੂ (ਰਾਜਸਥਾਨ) ਦੇ ਦੋ ਸੇਠਾਂ ਧਨਪਤ ਸਿੰਘ ਅਤੇ ਚੰਪਾ ਲਾਲ ਦੀ ਮਲਕੀਅਤ ਹੈ ਅਤੇ ਉਨ੍ਹਾਂ ਦਾ ਮੁਖਤਿਆਰ ਸਰਸੇ ਵਿੱਚ ਰਹਿੰਦਾ ਹੈ ਅਤੇ ਜ਼ਮੀਨ ਦੀ ਦੇਖਭਾਲ ਕਰਦਾ ਹੈ। ਸਰਸੇ ਦੇ ਡੂੰਗਰ ਦਲਾਲ ਰਾਹੀਂ ਇਸ ਜ਼ਮੀਨ ਨੂੰ ਖਰੀਦਣ ਲਈ ਗੱਲਬਾਤ ਸ਼ੁਰੂ ਕਰ ਕੀਤੀ ਗਈ। ਇਸ ਜ਼ਮੀਨ ਨੂੰ ਖਰੀਦਣ ਬਾਰੇ ਹੋਰ ਪੁੱਛ ਗਿੱਛ ਕਰਨ ਲਈ ਚੰਨਣ ਸਿੰਘ ਥਰਾਜ ਵਾਲੇ ਦੀ ਡਿਊਟੀ ਲਗਾਈ ਗਈ, ਜਿਸ ਨੇ ਅਮਰਾਸਰ ਦੇ ਜ਼ਿਮੀਂਦਾਰ ਜ਼ਹੀਰੁਦੀਨ ਤੋਂ ਪੁੱਛ ਗਿੱਛ ਕੀਤੀ। ਜ਼ਹੀਰੁਦੀਨ ਦੀ ਚੰਨਣ ਸਿੰਘ ਦੇ ਪਿਤਾ ਦਿਆਲ ਸਿੰਘ ਨਾਲ ਪੱਗ ਵਟਾਈ ਹੋਈ ਸੀ। ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਅਤੇ ਕੁਝ ਹੋਰ ਸੱਜਣਾਂ ਨੂੰ ਜ਼ਮੀਨ ਦੀ ਦੋਬਾਰਾ ਪਰਖ-ਪੜਤਾਲ ਕਰਨ ਲਈ ਭੇਜਿਆ ਗਿਆ। ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਕਿਸੇ ਵੇਲੇ ਪਟਵਾਰੀ ਰਹਿ ਚੁੱਕਾ ਸੀ ਅਤੇ ਉਸਨੂੰ ਜ਼ਮੀਨਾਂ ਬਾਰੇ ਕਾਫ਼ੀ ਜਾਣਕਾਰੀ ਸੀ। ਜ਼ਮੀਨ ਦਾ ਕੁੱਲ ਰਕਬਾ 12,430 ਏਕੜ ਸੀ ਅਤੇ ਇਸ ਜ਼ਮੀਨ ਦੀ ਕੀਮਤ 5500/- ਰੁਪਏ ਪ੍ਰਤੀ ਮੁਰੱਬਾ ਤੈਅ ਕੀਤੀ ਗਈ। ਵੱਡੇ ਬਾਬਾ ਜਗਜੀਤ ਸਿੰਘ ਜੀ ਅਤੇ ਮਾਸਟਰ ਬਲਵੰਤ ਸਿੰਘ ਨੂੰ ਰਕਮਾਂ ਇਕੱਠੀਆਂ ਕਰਨ ਲਈ ਨਿਯੁਕਤ ਕੀਤਾ ਗਿਆ। 'ਸਤਿਜੁਗ ਵਿੱਚ ਸੂਚਨਾ ਦਿੱਤੀ ਗਈ ਕਿ ਜੋ ਇਹ ਜ਼ਮੀਨ ਖਰੀਦਣੀ ਚਾਹੁੰਦਾ ਹੈ, ਉਹ 31 ਦਸੰਬਰ, 1946 ਤੱਕ ਆਪਣੀ ਰਕਮ ਸ੍ਰੀ ਭੈਣੀ ਸਾਹਿਬ ਪਹੁੰਚਾ ਦੇਵੇ। ਸਤਿਗੁਰੂ ਜੀ ਨੇ ਲਾਹੌਰ ਬੁਲਾ ਕੇ ਖਰੀਦਦਾਰ ਸਿੱਖਾਂ ਨੂੰ ਆਪਣੇ ਵੱਲੋਂ ਕੁਝ ਸ਼ਰਤਾਂ ਵੀ ਦੱਸੀਆਂ। ਇਸ ਜ਼ਮੀਨ ਵਿੱਚ ਇੱਕ ਪੱਕੀ ਕੋਠੀ ਹੈ, ਜਿਸ ਵਿੱਚ ਦਾਣਾ ਫੱਕਾ ਸਾਂਭਣ ਅਤੇ ਲੰਗਰ ਪਕਾਉਣ ਲਈ ਕੁਝ ਮਕਾਨ ਸਨ। ਇਹ ਸਤਿਗੁਰੂ ਜੀ ਆਪ ਰੱਖਣਗੇ ਅਤੇ ਜ਼ਮੀਨ ਵਿੱਚ ਸਾਰੇ ਰੁੱਖਾਂ ਦੇ ਮਾਲਕ ਉਹ ਆਪ ਹੋਣਗੇ। ਇਹ ਵੀ ਤਾਕੀਦ ਕੀਤੀ ਗਈ ਕਿ ਜ਼ਮੀਨ ਕੇਵਲ ਕੂਕੇ ਹੀ ਖਰੀਦ ਸਕਣਗੇ। ਛੇਤੀ ਹੀ ਸਿੱਖਾਂ ਨੇ ਸਤਿਗੁਰੂ ਜੀ ਤੇ ਭਰੋਸਾ ਰੱਖ ਕੇ ਰਕਮਾਂ ਭੇਜਣਗੀਆਂ ਸ਼ੁਰੂ ਕਰ ਦਿੱਤੀਆਂ। ਲਾਹੌਰ ਵਿਖੇ ਖਰੀਦਦਾਰਾਂ ਦੀ ਇੱਕ ਇਕੱਤਰਤਾ ਬੁਲਾਈ ਗਈ, ਜਿਸ ਵਿੱਚ ਸਤਿਗੁਰੂ ਜੀ ਨੇ ਜ਼ਮੀਨ ਬਾਰੇ ਸਭ ਸ਼ਰਤਾਂ ਦੱਸ ਦਿੱਤੀਆਂ। ਜ਼ਮੀਨ ਦੀ ਰਜਿਸਟਰੀ ਸਤਿਗੁਰੂ ਜੀ ਵੱਲੋਂ ਕਰਵਾਈ ਜਾਣੀ ਸੀ। ਲਾਹੌਰ ਮੀਆਂ ਮੀਰ ਵਾਲੀ ਕੋਠੀ ਵਿੱਚ ਬਾਬਾ ਜੈਮਲ ਸਿੰਘ ਮਾਂਗੇ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਤੁਸੀਂ ਤਾਂ ਜ਼ਮੀਨ ਖਰੀਦ ਕੇ ਸਿੱਖਾਂ ਲਈ ਸੁੱਖ ਦਾ ਸਾਧਨ ਬਣਾ ਰਹੇ ਹੋ, ਪਰ ਅੱਜਕਲ੍ਹ ਦੇ ਸਮੇਂ ਜੋ ਹਾਲਤ ਹੈ, ਉਹ ਤੁਹਾਡੇ ਲਈ ਮੁਸ਼ਕਲਾਂ ਦਾ ਕਾਰਨ ਵੀ ਬਣ ਸਕਦੀ ਹੈ। ਸਤਿਗੁਰੂ ਜੀ ਨੇ ਬਚਨ ਕੀਤਾ "ਜੋ ਹੋਣਾ ਸੀ, ਹੋ ਗਿਆ। ਜੋ ਸਿਰ ਪਵੇਗੀ, ਸਹਿ ਲਵਾਂਗੇ।"

"ਚੁਚਾਲ ਕੋਟਲੀ, ਜਗਮਲੇਰਾ, ਅਲੀਪੁਰ ਦੀ ਰਜਿਸਟਰੀ, 24 ਜਨਵਰੀ 1947 ਨੂੰ ਅਤੇ ਕੰਜਰਵਾਲ ਦੀ ਰਜਿਸਟਰੀ 18 ਫਰਵਰੀ 1947 ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਂ ਹੋ ਗਈ। ਰਜਿਸਟਰੀ ਕਰਵਾਉਣ ਗਏ ਸਿੱਖਾਂ ਦੀ ਅਗਵਾਈ ਛੋਟੇ ਬਾਬਾ (ਮਹਾਰਾਜ ਬੀਰ ਸਿੰਘ ਜੀ ਨੇ ਕੀਤੀ। ਸਿਰਸੇ ਤੋਂ ਗੁਰਦੁਆਰੇ ਵਿੱਚੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਮੰਗਵਾ ਕੇ ਚੁਚਾਲ ਕੋਟਲੀ 101 ਅਖੰਡ ਪਾਠ ਕੀਤੇ ਗਏ। ਹਵਨ ਅਤੇ ਇੱਕ ਘੰਟਾ ਨਾਮ ਸਿਮਰਨ ਰੋਜ਼ਾਨਾ ਹੋਣ ਲੱਗਾ, ਲੋਹ ਲੰਗਰ ਤਪਣ ਲੱਗਾ। ਆਲੇ-ਦੁਆਲੇ ਦੇ ਲੋਕਾਂ ਉੱਤੇ ਇਹਨਾਂ ਦਾ ਪ੍ਰਭਾਵ ਪੈਣ ਲੱਗਾ।

**ਬਾਕੀ ਸਫ਼ਾ ਨੰ. 23 'ਤੇ**

# ਗੁਆਚੀ ਮਹਿਕ



**ਅਫ਼ਜ਼ਲ ਅਹਿਸਨ ਰੰਧਾਵਾ**

"ਮੈਂ ਕਿਹੜੀ ਕਹਾਣੀ ਲਿਖਾਂ ? ਜਦੋਂ ਵੀ ਮੈਂ ਕਹਾਣੀ ਲਿਖਣ ਬਾਰੇ ਸੋਚਦਾ ਹਾਂ ਤਾਂ ਕਿੰਨੀਆਂ ਹੀ ਕਹਾਣੀਆਂ ਮੈਨੂੰ ਚਾਰੇ ਪਾਸਿਆਂ ਤੋਂ ਘੇਰ ਲੈਂਦੀਆਂ ਹਨ। ਕਿਸੇ ਕਹਾਣੀ ਦੇ ਹੱਥ ਸਖ਼ਤ ਮਿਹਨਤ ਸਦਕਾ ਖੁਰਦਰੇ ਹੋ ਗਏ ਹਨ, ਕਿਸੇ ਕਹਾਣੀ ਦੇ ਵਾਲ ਮਿੱਟੀ ਵਿਚ ਮਿੱਟੀ ਹੋ ਗਏ ਹਨ, ਕਿਸੇ ਕਹਾਣੀ ਦੇ ਸਿਰ 'ਤੇ ਚੁੰਨੀ ਨਹੀਂ, ਕਿਸੇ ਕਹਾਣੀ ਦਾ ਮੱਖਣ ਵਰਗਾ ਸਰੀਰ ਜਹਾਜ਼ ਦੀ ਸਟੈਵਿੰਗ ਨਾਲ ਛਲਣੀ ਹੋ ਗਿਆ। ਹੈ, ਕਿਸੇ ਕਹਾਣੀ ਦੇ ਸੁੰਦਰ ਹੀਰੇ 'ਤੇ ਬਾਰਦ, ਸੜਾਂਦ ਅਤੇ ਖ਼ੂਨ ਦੇ ਧੱਬੇ ਹਨ। ਕਿਸੇ ਕਹਾਣੀ ਦੀ ਬਾਂਹ ਕਟ ਗਈ ਹੈ, ਕਿਸੇ ਦੀ ਲੱਤ ਨਹੀਂ, ਕਿਸੇ ਦਾ ਮਾਸ ਬੰਬ ਦੀ ਅੱਗ ਨਾਲ ਝੁਲਸ ਗਿਆ ਹੈ।

"ਚਾਰੇ ਪਾਸੇ ਵੇਖਦਾ ਹਾਂ, ਮੇਰੀ ਕੋਈ ਵੀ ਕਹਾਣੀ ਮੁਕੰਮਲ ਨਹੀਂ। ਕਿਸੇ ਦਾ ਵੀ ਹੁਸਨ ਸਲਾਮਤ ਨਹੀਂ ਰਿਹਾ। ਕਿਸੇ ਦੇ ਕੱਪੜੇ ਵੀ ਪੂਰਾ ਸਰੀਰ ਢੱਕਣ ਦੇ ਸਮਰੱਥ ਨਹੀਂ। ਸਭ ਬਦਸੂਰਤੀ ਵੀ ਤਾਂ ਹੁਸਨ ਹੈ। ਸ਼ਾਇਰ ਅਤੇ ਲੇਖਕ ਸਦੀਆਂ ਤੋਂ ਹੁਸਨ ਵੰਡਦਾ ਅਤੇ ਉਹਦੀ ਪ੍ਰਸੰਸਾ ਕਰਦਾ ਆਇਆ ਹੈ ਤਾਂ ਫਿਰ ਮੈਂ ਕਿਉਂ ਬਦਸੂਰਤੀ ਨੂੰ ਹੁਸਨ ਦੀ ਝੂਠੀ ਚਾਦਰ ਵਿੱਚ ਲਪੇਟ ਕੇ ਲੋਕਾਂ ਨੂੰ ਵਿਖਾਂਦਾ ਰਹਾਂ ? ਚਾਦਰ ਲਾਹ ਕੇ ਕਿਉਂ ਨਹੀਂ ਵਿਖਾਂਦਾ ? ਪਰ ਇਹਦੀ ਵੀ ਕੀ ਲੋੜ ਹੈ ਅਤੇ ਇਨ੍ਹਾਂ ਦੇ ਪੈਰ ਵੀ ਜ਼ਮੀਨ ਤੇ ਹਨ। ਇਨ੍ਹਾਂ ਦੀ ਬਦਸੂਰਤੀ ਵਿੱਚ ਵੀ ਮਿੱਟੀ ਦੀ ਪੀੜ ਹੈ, ਇਹੀ ਪੀੜ ਇਨ੍ਹਾਂ ਨੂੰ ਬਦਸੂਝ ਬਣਾ ਦਿੰਦੀ ਹੈ। ਹੁਣ ਮੈਂ ਬਦਸੂਰਤ ਸ਼ਬਦ ਨਹੀਂ ਲਿਖਾਂਗਾ। ਕਿਉਂਕਿ ਮਿੱਟੀ ਦਾ ਜ਼ਖ਼ਮ...ਮਿੱਟੀ ਦਾ ਦੁੱਖ...ਮਿੱਟੀ ਦੀ ਛੋਹ ਕਦੇ ਵੀ ਬਦਸੂਰਤ ਨਹੀਂ, ਬਲਕਿ ਖੂਬਸੂਰਤ ਹੈ।

"ਮਿੱਟੀ ਇਨਸਾਨ ਦੇ ਜਨਮ ਤੋਂ ਪਹਿਲਾਂ ਵੀ ਅਜਿਹੀ ਹੀ ਸੀ। ਬਲਕਿ ਇਨਸਾਨ ਨੇ ਮਿੱਟੀ ਨੂੰ ਜ਼ਖ਼ਮ, ਦੁੱਖ, ਦਰਦ ਅਤੇ ਬਦਸੂਰਤੀ ਹੀ ਦਿੱਤੀ ਹੈ। ਇਨਸਾਨ ਦੀ ਸੂਰਤ ਵੇਖੇ ਬਿਨਾਂ ਮਿੱਟੀ ਨੇ ਹਮੇਸ਼ਾਂ ਉਹਨੂੰ ਆਸਰਾ ਦਿੱਤਾ ਅਤੇ ਦਿੰਦੀ ਰਹੇਗੀ...ਇਨਸਾਨ...ਮਿੱਟੀ ਅਤੇ ਆਸਰਾ। ਪਰ ਇਨਸਾਨ ਤੋਂ ਮਿੱਟੀ ਦਾ ਆਸਰਾ ਖੋਹਣ ਵਾਲਾ ਕੌਣ ਹੈ ? ਮੇਰੇ ਕੋਲੋਂ ਮੇਰੀ ਪੱਗ ਅਗੇ ਜੁੱਤੇ ਕਿਸ ਨੇ ਖੋਹ ਲਏ ? ਜੋ ਮੈਂ ਆਪਣੀ ਫ਼ਸਲ ਵੇਚ ਕੇ ਲਿਆਇਆ ਸੀ ? ਫ਼ਸਲ ਜਿਸ ਨੂੰ ਮੈਂ ਆਪਣਾ ਪਸੀਨਾ ਵਹਾ ਕੇ, ਮਿੱਟੀ ਵਿਚ ਰਲਾ ਕੇ, ਮਿੱਟੀ ਵਿਚੋਂ ਪੈਦਾ ਕੀਤੀ ਸੀ। ਕਿਸੇ ਮਸ਼ੀਨ ਨੇ ਨਿਚੋੜ ਲਿਆ ਮੇਰੇ ਅੰਦਰੋਂ ਸਾਰਾ ਖ਼ੂਨ ਜਿਸ ਦੇ ਨਾਲ ਮੈਂ ਆਪਣੇ ਅਤੇ ਆਪਣੇ ਬਾਲ ਬੱਚਿਆਂ ਦਾ ਪੇਟ ਭਰਨ ਦੇ ਸੁਪਨੇ ਲਏ ਸਨ। ਮੇਰਾ ਪੇਟ ਖਾਲੀ ਕਿਉਂ ਹੈ ? ਆਪਣਾ ਸਾਰਾ ਖ਼ੂਨ ਮਸ਼ੀਨ ਨੂੰ ਦੇ ਦੇਣ ਮਗਰੋਂ ਵੀ ਮੇਰੇ ਬੱਚੇ ਭੁੱਖੇ ਕਿਉਂ ਹਨ ? ਮੋਰੀ ਮਿੱਟੀ ਤੇ ਲਕੀਰਾਂ ਕਿਸ ਨੇ ਖਿੱਚ ਦਿੱਤੀਆਂ ਪਰ ਕਿਉਂ ? ਮਿੱਟੀ ਜੇਕਰ ਪੂਜਣਯੋਗ ਹੈ ਤਾਂ ਫਿਰ ਉਸ ਦੇ ਸੀਨੇ ਨੂੰ ਜ਼ਖ਼ਮੀ ਕਰਕੇ ਖ਼ੂਨ ਵਹਾ ਕੇ ਉਹਦਾ ਸਰੀਰ ਕਿਉਂ ਛੱਲਣੀ ਕੀਤਾ ਜਾਂਦਾ ਹੈ ? ਰੱਬ ਜੇਕਰ ਆਸਰਾ ਹੈ ਤਾਂ ਫੇਰ ਇਨਸਾਨ ਤੋਂ ਉਹਦਾ ਆਸਰਾ ਕਿਉਂ ਖੋਹਿਆ ਜਾਂਦਾ ਹੈ ? ਰੱਬ, ਮਿੱਟੀ ਇਨਸਾਨ ਜੇਕਰ ਇਕ ਚੌਕੋਰ ਹੈ ਤਾਂ ਉਹ ਕਿਹੜਾ ਰੱਬ ਹੈ ਇਨ੍ਹਾਂ ਲਕੀਰਾਂ ਨੂੰ ਕੇ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ, ਨਾਜ਼ੀ ਆਕਸਫੋਰਡ ਦੇ ਲਹਿਜ਼ੇ ਵਿਚ ਅੰਗਰੇਜ਼ੀ ਬੋਲਦੀ ਹੈ ਮੂੰਹ ਤੋਂ ਪੰਜਾਬੀ ਬੋਲੀ ਸੁਣ ਕੇ ਮੇਰੇ ਵੱਲ ਮੋਟੀ ਸ਼ਰਬਤੀ ਅੱਖ ਨਾਲ ਸਵਾਲੀਆ ਅੰਦਾਜ਼ ਨਾਲ ਵੇਖਦੀ ਹੈ।

"ਮੈਂ ਉਹਨੂੰ ਕੀ ਜਵਾਬ ਦੇਵਾਂ ? ਕਹਿੰਦਾ ਹਾਂ, ਰੱਬ ਦੇ ਘਰ ਤਾਂ ਹੋਰ ਬੇਸ਼ੁਮਾਰ ਕੰਮ ਨੇ। ਦੁਨੀਆਂ ਬਹੁਤ ਵੱਡੀ ਹੋ ਗਈ ਹੈ। ਸਮੱਸਿਆਵਾਂ ਵਧ ਗਈਆਂ ਹਨ, ਤੇ ਉਹ ਵਿਹਲਾ ਨਹੀਂ ਫੇਰ ਆਸਰਾ ? ਆਸਰਾ ਕੀਹਦਾ ਅਤੇ ਕਿਹੋ ਜਿਹਾ" ਟਹਿਲ ਸਿੰਘ ਠੀਕ ਕਿਹਾ ਕਰਦੇ ਸਨ, ਪੁੱਤਰ ਆਪਾਂ ਕਹਾਣੀਆਂ ਤਾਂ ਹੀ ਹਾਂ। ਪਰ ਅਸਾਂ ਨੂੰ ਲਿਖਣ ਵਾਲਾ ਕੋਈ ਨਹੀਂ।"

"ਹਾਂ ਚਾਚਾ ਟਹਿਲ ਸਿੰਘ, ਤੁਸੀਂ ਠੀਕ ਕਹਿੰਦੇ ਸੀ। ਕੱਲ੍ਹ ਦੀ ਗੱਲ ਹੈ, ਜਦੋਂ ਸੀਂ ਏਥੇ, ਇਸ ਮਿੱਟੀ ਦੇ ਪੁੱਤਰ

ਦੇ ਰੂਪ ਵਿੱਚ ਇਸ ਮਿੱਟੀ ਵਿਚੋਂ ਉਪਜੇ ਸੋਨੇ ਨਾਲ ਮੌਜਾਂ ਕਰਦੇ ਸੀ। ਇਹ ਮਿੱਟੀ ਤੁਹਾਨੂੰ ਲਾਡਲੇ ਪੁੱਤਰਾਂ ਵਾਂਗ ਪਿਆਰ ਕਰਦੀ ਸੀ, ਹਵਾ ਤੋਂ ਵੀ ਤੇਜ਼ ਭੱਜਣ ਵਾਲੀਆਂ ਤੇਰੀਆਂ ਘੋੜੀਆਂ ਦੀ ਚਰਚਾ ਪੂਰੇ ਇਲਾਕੇ ਵਿਚ ਸੀ। ਤੁਹਾਡੇ ਖੂਬਸੂਰਤ ਪਸ਼ੂ ਲੋਕ ਦੂਰੋਂ-ਦੂਰੋਂ ਵੇਖਣ ਆਉਂਦੇ ਸੀ। ਤੁਹਾਡੀਆਂ ਮੱਝਾਂ ਦੀ ਬਰਾਬਰੀ ਕਰਨ ਵਾਲੀਆਂ ਮੱਝਾਂ ਸਾਰੇ ਪੰਜਾਬ ਵਿੱਚ ਕਿਧਰੇ ਵੀ ਨਹੀਂ ਸਨ। ਤੁਹਾਡੇ ਦਲਾਨ, ਰੰਗਦਾਰ ਮੰਜੇ, ਮੰਜੀਆਂ ਅਤੇ ਪੇਟੀਆਂ, ਰੰਗ ਬਿਰੰਗੀਆਂ ਫੁਲਕਾਰੀਆਂ, ਰਜ਼ਾਈਆਂ, ਖੇਸਾਂ ਨਾਲ ਭਰੇ ਹੋਏ ਸਨ। ਤੁਹਾਡੇ ਦਰ ਤੋਂ ਕੋਈ ਸਵਾਲੀ ਖਾਲੀ ਨਹੀਂ ਜਾਂਦਾ ਸੀ। ਵੱਡੇ ਸਰਦਾਰ ਹੋ ਕੇ ਵੀ ਤੁਸੀਂ ਆਪਣੇ ਸੀਰੀਆਂ ਦੇ ਪੁੱਤਰਾਂ ਨੂੰ ਵੀ ਆਪਣਾ ਸਮਝਦੇ ਸੀ। ਹਰੇਕ ਦੇ ਦੁੱਖ ਵਿਚ ਤੁਸੀਂ ਸ਼ਰੀਕ ਹੁੰਦੇ ਸੀ।

ਆਪ ਭੈਣੀ ਸਾਹਿਬ ਵਾਲੇ ਗੁਰਦੁਆਰੇ ਵਾਲੇ ਬਰੋਟੇ ਦੇ ਥੱਲੇ ਸੰਗਤ ਨਾਲ ਬੈਠੇ ਸੀ। ਤੁਹਾਡੀ ਹਵੇਲੀ ਵਿਚ ਸੈਂਕੜੇ ਮਹਿਮਾਨਾਂ ਵਾਸਤੇ ਭੋਜਨ ਤਿਆਰ ਹੋ ਰਿਹਾ ਸੀ। ਬੇਸਮਝ ਮੁੰਡੇ ਲੁਕ ਛਿਪ ਕੇ ਬੋਲੀਆਂ ਪਾ ਰਹੇ ਸਨ।

ਪਿੰਡ ਵਿਚ ਮੇਲਾ ਲੱਗਿਆ ਹੋਇਆ ਸੀ। ਅਸੀਂ ਨਿੱਕੇ ਨਿੱਕੇ ਜੁਆਕ ਗੁਰੂ ਦੇ ਦਰਸ਼ਨਾਂ ਲਈ ਗਏ ਸਾਂ। ਤੁਸੀਂ ਮੈਨੂੰ ਅਤੇ ਪਾਲ ਸਿੰਘ ਨੂੰ ਫੜ ਕੇ ਗੁਰੂ ਜੀ ਅੱਗੇ ਖੜ੍ਹਾ ਕਰ ਦਿੱਤਾ ਸੀ। ਇਹ ਮੇਰੇ ਪੁੱਤਰ ਨੇ। ਤੁਸੀਂ ਕਿਹਾ ਸੀ।

"ਪਾਲ ਦਾ ਸਿਰ ਨੰਗਾ ਸੀ, ਤੇ ਉਹਨੇ ਛੋਟਾ ਜਿਹਾ ਜੂੜਾ ਕਸ ਕੇ ਬੰਨਿਆ ਹੋਇਆ ਸੀ। ਗੁਰੂ ਜੀ ਨੇ ਪਹਿਲਾਂ ਉਹਦੇ ਸਿਰ 'ਤੇ ਹੱਥ ਫੇਰਿਆ ਸੀ ਅਤੇ ਫਿਰ ਤੁਹਾਡੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ ਸੀ। ਜਿਵੇਂ ਪੁੱਛ ਰਹੇ ਹੋਣ ਕਿ ਇਹ ਦੂਜਾ ਮੁਸਲਮਾਨ ਮੁੰਡਾ ਕੌਣ ਹੈ ? ਅਤੇ ਤੁਸੀਂ ਕਿਹਾ ਸੀ ਕਿ ਮੇਰੇ ਭਰਾ ਦਾ ਬੇਟਾ ਹੈ। ਫੇਰ ਗੁਰੂ ਜੀ ਨੇ ਹੱਸ ਕੇ ਦੋਵੇਂ ਹੱਥਾਂ ਨਾਲ ਮੇਰੇ ਸਿਰ 'ਤੇ ਪਿਆਰ ਦਿੱਤਾ ਸੀ ਤੇ ਅਸੀਸਾਂ ਵੀ ਦਿੱਤੀਆਂ ਸਨ।

"..ਫੇਰ ਚਾਚਾ ਤੇਰੀ ਖੂਬਸੂਰਤ ਘੋੜੀ ਨੇ ਜੋ ਤੁਸੀਂ ਉਸ ਜ਼ਮਾਨੇ ਵਿੱਚ ਮਹਾਰਾਜਾ ਕਪੂਰਥਲਾ ਤੋਂ ਦਸ ਹਜ਼ਾਰ ਵਿੱਚ ਲਈ ਸੀ, ਬੜੀਆਂ ਆਸਾਂ ਤੇ ਉਮੀਦਾਂ ਮਗਰੋਂ ਇਕ ਵਛੇਰੀ ਨੂੰ ਜਨਮ ਦਿੱਤਾ ਸੀ। ਉਸ ਵਛੇਰੀ ਵਿੱਚ ਜਿਵੇਂ ਤੁਹਾਡੀ ਜਾਨ ਸੀ। ਮੈਨੂੰ ਬਹੁਤ ਦੇਰ ਮਗਰੋਂ ਪਤਾ ਚੱਲਿਆ ਕਿ ਵਛੇਰੀ ਬੇਸ਼ਕੀਮਤੀ ਸੀ। ਉਹ ਸਮੇਂ ਵਛੇਰੀ ਲਗਭਗ ਛੇ ਮਹੀਨੇ ਦੀ ਸੀ। ਜਦੋਂ ਮੈਂ ਖੇਡਦਾ ਹੋਇਆ ਤੁਹਾਡੇ ਘਰ ਗਿਆ ਸੀ। ਸੋਨੇ ਵਰਗੇ ਦਿਲ ਵਾਲੀ ਚਾਚੀ ਨੇ ਮੈਨੂੰ ਦੋਹੇਂ ਬਾਹਾਂ ਵਿਚ ਘੁੱਟ ਕੇ ਪਿਆਰ ਕੀਤਾ ਸੀ ਅਤੇ ਮੇਰੇ ਸਿਰ ਤੇ ਹੱਥ ਫੇਰਿਆ ਸੀ। ਮੱਥਾ ਚੁੰਮ ਕੇ ਗੋਦੀ ਵਿੱਚ ਬਿਠਾ ਲਿਆ ਸੀ, ਇਕ ਰੋਟੀ ਦੀ ਚੂਰੀ ਬਣਾ ਕੇ ਸ਼ੱਕਰ ਪਾ ਕੇ ਮੈਨੂੰ ਖਵਾਉਣ ਲੱਗੀ ਸੀ! ਏਨੇ ਵਿੱਚ ਪਾਲ ਆ ਗਿਆ ਸੀ। ਅਸੀਂ ਖੇਡਦੇ ਖੇਡਦੇ ਹਵੇਲੀ ਵਿਚ ਆ ਗਏ ਸਾਂ। ਭਰਾ ਰਤਨ ਸਿੰਘ ਉਸ ਸਮੇਂ ਹਵੇਲੀ ਵਿੱਚ ਸੀ। ਉਹਦੀ ਬਾਂਦਰੀ ਬੰਦਿਆਂ ਵਾਂਗ ਘੁਲਾੜੀ ਵਿਚ ਗੰਨੇ ਲਾ ਰਹੀ ਸੀ। ਭਰਾ ਸੋਡਾ ਪਾ ਕੇ ਉਬਲ ਰਹੇ ਰਸ ਤੋਂ ਮੈਲ ਲਾਹ ਰਿਹਾ ਸੀ। ਮੈਨੂੰ ਹੁਣ ਤੱਕ ਯਾਦ ਹੈ ਭਰਾ ਦਾ ਗੁੜ ਸਾਰੇ ਪਿੰਡ ਵਿੱਚੋਂ ਸਾਫ਼ ਅਤੇ ਚਿੱਟਾ ਹੁੰਦਾ ਸੀ। ਨਿੱਕ ਕਮਾਈ ਧੱਕਣੀ ਨਾਲ ਹਵਾ ਦੇ ਰਿਹਾ ਸੀ। ਧੱਕਣੀ ਦੇ ਧੂੰਏਂ ਅਤੇ ਗੁੜ 'ਚੋਂ ਉੱਠ ਰਹੀ ਭਾਫ਼ ਵਿਚ ਭਰਾ ਲੁਕਿਆ ਜਿਹਾ ਪ੍ਰਤੀਤ ਹੁੰਦਾ ਸੀ ਪਰ ਉਸ ਨੇ ਪਾਲ ਤੇ ਮੈਨੂੰ ਵੇਖ ਲਿਆ ਸੀ।

"ਰਸ ਪੀ।"

ਗੁੜ ਖਾ। "ਗੰਨੇ ਚੂਪ ਲੈ।" "ਬਹਿ ਜਾ...ਉਏ ਮੁੰਡਿਆ, ਵੀਰ ਦੀ ਮੰਜੀ ਜ਼ਰਾ ਧੁੱਪ 'ਚ ਡਾਹ ਦੇ।

ਭਰਾ ਰਤਨ ਸਿੰਘ ਨੇ ਇਕਦਮ ਹੀ ਕਿੰਨੇ ਸਾਰੇ ਹੁਕਮ ਦੇ ਦਿੱਤੇ, ਮੈਨੂੰ । ਪਰ ਮੇਰਾ ਧਿਆਨ ਉਸ ਵਛੇਰੀ ਵੱਲ ਚਲਾ ਗਿਆ ਜਿਹੜੀ ਕਿ ਬਹੁਤ ਸੁੰਦਰ ਤਸਵੀਰ ਜਿਹੀ ਜਾਪ ਰਹੀ ਸੀ। ਫੇਰ ਪਤਾ ਨਹੀਂ ਕਿਧਰੋਂ ਟਹਿਲ ਸਿੰਘ ਆ ਗਿਆ, ਪਤਾ ਨਹੀਂ ਕਿਹੜੇ ਮੂਰਖਪੁਣੇ ਵਿਚ ਮੈਂ ਉਹਦੀ ਗੋਦੀ ਚੜ੍ਹ ਗਿਆ। ਮੈਂ ਵਛੇਰੀ 'ਤੇ ਚੜ੍ਹਣ ਦੀ ਜ਼ਿੱਦ ਕੀਤੀ। ਸੱਤ ਸਾਲ ਦੇ ਬੱਚੇ ਵਿਚ ਸਮਝ ਹੀ ਕਿੰਨੀ ਕੁ ਹੁੰਦੀ ਹੈ ? ਪਰ ਚਾਚਾ ਤੁਸੀਂ ਮੈਨੂੰ ਇਕ ਵਾਰ ਵੀ ਮਨ੍ਹਾਂ ਨਹੀਂ ਕੀਤਾ ਅਤੇ ਨਾ ਹੀ ਸਮਝਾਇਆ। ਉਸ ਮਾਸੂਮ ਤੇ ਬੇਸ਼ਕੀਮਤੀ ਵਛੇਰੀ ਨੂੰ ਫੜ ਕੇ ਲਗਾਮ ਨੂੰ ਗੰਢਾਂ ਦੇ ਕੇ, ਲਗਾਮ ਛੋਟੀ ਕਰਕੇ ਕਸ ਦਿੱਤੀ। ਜੋ ਬੰਦਾ ਉੱਥੇ ਹਾਜ਼ਰ ਸੀ, ਹੈਰਾਨੀ ਨਾਲ ਬੁੱਤ ਬਣ ਕੇ ਵੇਖਦਾ ਰਿਹਾ। ਭਰਾ ਪੱਕੇ ਹੋਏ ਗੁੜ ਨੂੰ ਛੱਡ ਕੇ ਖੜ੍ਹਾ ਹੋ ਗਿਆ। ਹਰ ਬੰਦਾ, ਚਾਚਾ ਜੀ ਤੁਹਾਡੇ ਵੱਲ ਵੇਖ ਰਿਹਾ ਸੀ। ਇਕ ਬੱਚੇ ਦੇ ਮੂਰਖ ਨਾਲ ਤੁਸੀਂ ਵੀ ਬੱਚੇ ਬਣ ਗਏ ਸੀ। ਤੁਹਾਡੇ ਕੰਮਾਂ ਵਿਚ ਦੁਖਲ ਦੇਣ ਦੀ ਹਿੰਮਤ ਕਿਸੇ ਵਿੱਚ ਨਹੀਂ ਸੀ। ਫੇਰ ਤੁਸੀਂ ਮੋਢੇ ਵਾਲੀ ਚਾਦਰ ਲਾਹ ਕੇ, ਟੱਪ ਰਹੀ, ਨੱਚ ਰਹੀ, ਘਬਰਾਈ ਹੋਈ ਪਰੇਸ਼ਾਨ ਤੇ ਨਿਢਾਲ ਹੋਈ ਵਛੇਰੀ 'ਤੇ ਪਾ ਦਿੱਤੀ ਤੇ ਕਾਠੀ ਕਸ ਦਿੱਤੀ।

"ਅੱਜ ਸੋਚਦਾ ਹਾਂ ਕਿ ਛੇ ਮਹੀਨੇ ਦੀ ਦੁੱਧ ਚੁੰਘਦੀ ਕੋਮਲ ਵਛੇਰੀ ਦੀ ਜਾਨ ਵਾਸਤੇ ਏਨਾ ਹੀ ਦੁੱਖ ਅਤੇ ਸਦਮਾ ਕਾਫ਼ੀ ਸੀ। ਪਰ ਚਾਚਾ ਫੇਰ ਵੀ ਤੁਸੀਂ ਮੈਨੂੰ ਉਸ ਉਪਰ

ਬਿਠਾ ਕੇ ਉਹਨੂੰ ਅੱਗੋਂ ਫੜ ਕੇ ਹਵੇਲੀ ਦੇ ਚੱਕਰ ਲਵਾਏ।...ਫੇਰ ਵਛੇਰੀ ਦੁੱਖ ਅਤੇ ਸਦਮੇ ਤੋਂ ਨਿਢਾਲ ਹੋ ਕੇ ਡਿੱਗ ਕੇ ਮਰ ਗਈ। ਮਹਾਰਾਜਾ ਕਪੂਰਥਲਾ ਦੀ ਲਾਡਲੀ ਘੋੜੀ ਦੀ ਸੁੰਦਰ ਵਛੇਰੀ ਜਿਸ ਨੂੰ ਤੁਸੀਂ ਕਿੰਨੀਆਂ ਉਮੀਦਾਂ ਤੇ ਸੱਧਰਾਂ ਨਾਲ ਹਾਸਲ ਕੀਤਾ ਸੀ ਪਰ ਤੁਹਾਡੇ ਮੱਥੇ 'ਤੇ ਇਕ ਵੀ ਸ਼ਿਕਨ ਨਹੀਂ ਉਭਰੀ ਸੀ। ਕਿਸੇ ਨੇ ਵੀ ਉਫ਼ ਤੱਕ ਨਹੀਂ ਕੀਤੀ ਸੀ। ਸਿਵਾਏ ਮੇਰੇ ਅੱਬਾ ਦੇ...ਜਦੋਂ ਉਨ੍ਹਾਂ ਸੁਣਿਆ ਤਾਂ ਉਹ ਮੈਨੂੰ ਅਤੇ ਤੁਹਾਨੂੰ ਦੋਵਾਂ ਨੂੰ ਗੁੱਸੇ ਹੋਏ ਸੀ ਪਰ ਤੁਸੀਂ ਹੱਸਦੇ ਰਹੇ।

"ਚਾਚਾ ਅੱਜ ਮੈਂ ਬਾਗ ਹਾਂ, ਸਿਆਣਾ ਹਾਂ। ਠੋਕਰਾਂ ਖਾ ਖਾ ਕੇ ਪੱਥਰ ਵਾਂਗ ਗੋਲ ਹੋ ਗਿਆ ਹਾਂ। ਲੋਕਾਂ ਨੂੰ ਪਰਖਣ ਅਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ਹੈ। ਅੱਜ ਉਹ ਗੱਲਾਂ ਸੁਪਨਿਆਂ ਦੀਆਂ ਗੱਲਾਂ ਲਗਦੀਆਂ ਹਨ, ਗੁਆਚੇ ਹੋਏ ਸੁਪਨੇ। ਕਿੰਨਾ ਬਦਕਿਸਮਤ ਹੁੰਦਾ ਹੈ ਉਹ ਮਨੁੱਖ ਜਿਸ ਦੇ ਸੁਪਨੇ ਖੋ ਜਾਂਦੇ ਨੇ। ਅੱਜ ਸੋਚਦਾ ਹਾਂ ਚਾਚਾ, ਤੁਸੀਂ ਮੇਰੇ ਪਿਤਾ ਦੇ ਪਗਵੱਟ ਭਰਾ ਸੀ। ਉਨ੍ਹਾਂ ਦੇ ਸਕੇ ਭਰਾ ਤੇ ਨਹੀਂ ਸੀ। ਪਰ ਜਿੰਨਾ ਪਿਆਰ ਤੁਸੀਂ ਮੈਨੂੰ ਦਿੱਤਾ, ਉਨਾਂ ਪਿਆਰ ਤਾਂ ਕਿਸੇ ਸਕੇ ਚਾਚੇ ਨੇ ਵੀ ਨਹੀਂ ਦਿੱਤਾ। ਕਹਿੰਦੇ ਨੇ ਖ਼ੂਨ ਦਾ ਰਿਸ਼ਤਾ ਬਹੁਤ ਪੁਰਾਣਾ ਹੈ ਪਰ ਫੇਰ ਵੀ ਤੁਸੀਂ ਮੈਨੂੰ ਸਕਿਆਂ ਤੋਂ ਵੱਧ ਪਿਆਰੇ ਸੀ। ਮੈਂ ਤੁਹਾਨੂੰ ਤੁਹਾਡੇ ਪਾਲ ਤੋਂ ਵੀ ਵੱਧ ਪਿਆਰਾ ਵੱਧ ਲਾਡਲਾ ਅਤੇ ਵੱਧ ਨਜ਼ਦੀਕ ਕਿਉਂ ਸੀ ?

"ਫਿਰ ਅਜਿਹੀ ਨਹੀਂ ਆਈ ਜਿਹੜੀ ਇਨਸਾਨ ਨੂੰ ਬੇਘਰ ਤੇ ਜ਼ਮੀਨ ਨੂੰ ਸੁੰਨਸਾਨ ਬਣਾ ਕੇ ਚਲੀ ਗਈ ਰਾਵੀ ਅਤੇ ਵਸਤਰ ਚੜ੍ਹ ਕੇ ਭਿਆਨਕ ਹੋ ਗਈਆਂ ਅਤੇ ਉਨ੍ਹਾਂ ਦੀਆਂ ਲਹਿਰਾਂ ਗੁੱਸੇ ਵਿੱਚ ਮੂੰਹ ਤੋਂ ਅੱਗ ਉਗਲਦੀਆਂ ਬਾਹਰ ਆ ਗਈਆਂ। ਹਰ ਪਾਸੇ ਪਾਣੀ ਫੈਲਿਆ ਹੋਇਆ ਸੀ। ਤੁਸੀਂ ਵਸਦੀ ਰਸਦੀ ਹਵੇਲੀ ਤੇ ਭਰੇ ਭਰਾਏ ਘਰ ਵਿੱਚੋਂ ਬਸ ਦੋ ਚਾਰ ਚੀਜ਼ਾਂ ਲਈਆਂ ਫੇਰ ਮੇਰੇ ਚਾਚੇ, ਤਾਏ ਤੇ ਆਖੇ ਉਸ ਗੱਡੀ ਨੂੰ ਵੱਰਛੇ ਤੇ ਬੰਦੂਕਾਂ ਦੇ ਪਹਿਰੇ ਵਿੱਚੋਂ ਲੈ ਕੇ ਚੱਲ ਪਏ ਸਨ। ਗੱਡੀ ਵਿੱਚ ਚਾਚੀ, ਪਾਲ, ਭੈਣ ਰੱਤੋ ਅਤੇ ਤੁਸੀਂ ਸੀ। ਅਸੀਂ ਤੁਹਾਡੀ ਹਿਫ਼ਾਜ਼ਤ ਵਾਸਤੇ ਹੈਰਾਨ ਹੋਏ ਪੁਲ ਤੱਕ ਗਏ ਸਾਂ। ਤੁਸੀਂ ਵੀ ਨਿਢਾਲ ਹੋ ਗਏ ਸੀ ਤੇ ਤੁਹਾਨੂੰ ਛੱਡਣ ਵਾਲੇ ਵੀ। ਰਾਹ ਵਿੱਚ ਲੁੱਟਮਾਰ, ਕਤਲ ਤੇ ਹਮਲੇ ਦਾ ਖ਼ੌਫ਼। ਪੁਲ 'ਤੇ ਪਹੁੰਚ ਕੇ ਜਦੋਂ ਮੇਰੇ ਪਿਤਾ ਅਤੇ ਤੁਸੀਂ ਇਕ ਦੂਜੇ ਨੂੰ ਬਾਹਾਂ ਵਿੱਚ ਘੁੱਟਿਆ ਤਾਂ ਦੋਵੇਂ ਜ਼ਾਰੋਜ਼ਾਰ ਰੋਣ ਲੱਗੇ। ਤੁਸੀਂ ਜਾਂਦੇ ਜਾਂਦੇ ਪਿੱਛੇ ਮੁੜ ਕੇ ਵੇਖ ਰਹੇ ਸੀ ਅਤੇ ਆਪ ਨੂੰ ਇੰਝ ਕਰਦੇ ਵੇਖ, ਮੇਰੇ ਪਿਤਾ ਬੱਚਿਆਂ ਵਾਂਗ ਤੜਫ਼-ਤੜਫ਼ ਕੇ ਰੋਏ ਸਨ। ਤੁਸੀਂ ਅੱਗੇ ਚੱਲ ਕੇ ਕਾਫ਼ਲੇ ਵਿੱਚ ਗੁਆਚ ਗਏ ਸੀ ਤੇ ਅਸੀਂ ਕਿਉਂ ਸ਼ਾਮ ਤੱਕ ਪੁਲ 'ਤੇ ਖੜੇ ਹੋਂਦੇ ਰਹੇ ਸੀ। ਉਸ ਸਮੇਂ ਮੈਂ ਅੱਠ -ਸਾਲ ਦਾ ਸੀ। ਹੁਣ ਅਠੱਤੀ ਦਾ ਹਾਂ। ਮੈਂ ਔਖੀ ਤੋਂ ਔਖੀ ਘੜੀ ਵਿਚ ਆਪਣੇ ਪਿਤਾ ਨੂੰ ਰੋਂਦੇ ਹੋਏ ਨਹੀਂ ਵੇਖਿਆ ਸੀ। ਸਿਵਾਏ ਉਸ ਦਿਨ ਤੋਂ। ਹੁਣ ਤਾਂ ਬਸ ਤੁਹਾਡੇ ਨਾਮ ਤੋਂ ਉਨ੍ਹਾਂ ਦੀਆਂ ਅੱਖਾਂ ਬੁਝ ਜਾਂਦੀਆਂ ਹਨ।

'ਤੇ ਅੱਜ ਮੁਕੇਰੀਆਂ ਦੇ ਕਿਸੇ ਪਿੰਡ ਵਿਚ ਸ਼ਰਨਾਰਥੀ ਟਹਿਲ ਸਿੰਘ ਪਤਾ ਨਹੀਂ ਕਿੰਨਾ ਖੁਸ਼ ਹੈ ? ਹੁਣ ਪਤਾ ਨਹੀਂ ਪਾਲ ਸਿੰਘ ਮੇਰੇ ਵਾਂਗ ਅੱਧੇ ਕੁ ਧੋਲਿਆਂ ਵਾਲੇ ਸਿਰ ਵਿਚ ਆਪਦੀਆਂ ਬਦਾਮੀ ਅੱਖਾਂ ਵਿੱਚ ਕੋਈ ਸੁਪਨਾ ਵੇਖਦਾ ਹੈ ਜਾਂ ਨਹੀਂ ?

ਚਾਚਾ ਟਹਿਲ ਸਿੰਘ ਕਿਹਾ ਕਰਦਾ ਸੀ, "ਅਸੀਂ ਸਭ ਕਹਾਣੀਆਂ ਹਾਂ ਪਰ ਸਾਨੂੰ ਲਿਖਣ, ਵਾਲਾ ਕੋਈ ਨਹੀਂ।"

"ਚਾਚਾ ਦੇਖ ਲੈ, ਮੈਨੂੰ ਤੇਰੀ ਕਹਾਣੀ ਯਾਦ ਹੈ ਅਤੇ ਮੈਂ ਕਿਸੇ ਦਿਨ ਇਹਨੂੰ ਲਿਖਾਂਗਾ ਵੀ। ਅੱਜ ਤਾਂ ਮੇਰੇ ਚਾਰੇ ਪਾਸੇ ਕਹਾਣੀਆਂ ਘੇਰਾ ਬੰਨ੍ਹ ਕੇ ਖੜੀਆਂ ਹਨ ਪਰ ਹਰ ਪਾਸੇ ਕਿਆਮਤ ਵਾਲਾ ਰੌਲਾ ਹੈ। ਮੇਰੀਆਂ ਕਹਾਣੀਆਂ ਲਹੂ ਲੁਹਾਨ ਹਨ। ਉਨ੍ਹਾਂ ਦੇ ਸਿਰ ਨੰਗੇ, ਵਾਲ ਉਲਝੇ ਤੇ ਸਰੀਰ ਜ਼ਖ਼ਮੀ ਹਨ ਮੇਰੇ ਹੱਥ ਵਿਚ ਟੁੱਟੀ ਹੋਈ ਕਲਮ ਅਤੇ ਟੁੱਟਿਆ ਹੋਇਆ ਬਰਤਨ ਹੈ, ਜਿਸ ਵਿੱਚ ਮੈਂ ਆਪਣੀਆਂ ਕਹਾਣੀਆਂ ਦੇ ਵਾਸਤੇ ਖੁਸ਼ੀ ਲੈਣ ਲਈ ਘਰੋਂ ਨਿਕਲਿਆ ਸੀ। ਮੇਰੀਆਂ ਅੱਖਾਂ ਵਿੱਚ ਹੰਝੂ ਸਨ ਤੇ ਮੈਂ ਆਪਣਾ! ਰਾਹ ਵੀ ਨਹੀਂ ਵੇਖ ਸਕਦਾ। ਮੇਰਾ ਹਾਲ ਮੇਰੀਆਂ ਕਹਾਣੀਆਂ ਵਰਗਾ ਹੈ ਤੇ ਮੈਂ ਅਕਸਰ ਸੋਚਦਾ ਹਾਂ ਕਿ ਮੈਂ ਕਹਾਣੀ ਕਿਵੇਂ ਲਿਖਾਂ ?"

.......................................................

## ਸਤਿਗੁਰੂ ਪ੍ਰਤਾਪ ਸਿੰਘ ਜੀ....

ਕੁਝ ਸਮੇਂ ਪਿਛੋਂ ਸਿੱਖਾਂ ਦੀ ਬੇਨਤੀ ਕਰਨ ਉੱਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਪਿੰਡਾਂ ਦੇ ਨਾਂ ਨਵੇਂ ਸਿਰਿਓਂ ਰੱਖ ਦਿੱਤੇ।

ਚਚਾਲ ਕੋਟਲੀ - ਸ੍ਰੀ ਜੀਵਨ ਨਗਰ
ਜਗ ਮਲੇਰਾ - ਸੰਤ ਨਗਰ
ਅਲੀਪੁਰ - ਹਰੀ ਪੁਰ
ਕੰਜਰਵਾਲ - ਦਮਦਮਾ

ਅੱਜ ਇਹ ਬੇ-ਆਬਾਦ ਤੇ ਬੰਜਰ ਜ਼ਮੀਨ ਵਾਲਾ ਇਲਾਕਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਚਰਨ ਛੂਹ ਨਾਲ ਹਰਿਆਣੇ ਦੇ ਸਰਸਾ ਜ਼ਿਲ੍ਹੇ ਦਾ ਹਰਿਆ-ਭਰਿਆ ਤੇ ਘੁੱਗ ਵੱਸਦਾ ਇਲਾਕਾ ਹੈ।

.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**
**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਅੱਜ ਮੈਂ ਅਤੇ ਵੈਦ ਗੁਰਦੇਵ ਸਿੰਘ ਪਹਿਲਾਂ ਇਸ ਬਾਰੇ ਜਸਵੰਤ ਸਿੰਘ ਨੂੰ ਮਿਲੇ। ਉਸ ਮੰਨਿਆ ਕਿ ਉਸਨੇ ਕਰੋਧ ਦੇ ਵੱਸ ਹੋ ਕੇ ਅਤੇ ਤਰਸੇਮ ਸਿੰਘ ਨੂੰ ਉਹਦੀ ਬੇਪਰਵਾਹੀ ਜਤਾਣ ਲਈ ਬੀਬੀਆਂ ਨਾਲ ਮੰਦਾ ਫਿੱਕਾ ਬੋਲਿਆ ਪਰ ਉਹ ਗੱਲ ਮੁਕਾਣ ਲਈ ਮਾਫ਼ੀ ਮੰਗ ਸਕਦਾ ਹੈ।

ਫੇਰ ਅਸੀਂ ਦੋਵੇਂ ਤਰਸੇਮ ਸਿੰਘ ਪਾਸ 10,944 ਸ਼ੀਦੀਪੁਰੇ (ਈਸਟ ਪਾਰਕ ਕਰੋਲ ਬਾਗ ਨੇੜੇ) ਗਏ। ਇਹ ਉਹਦੇ ਸਹੁਰਿਆਂ ਦਾ ਘਰ ਹੈ ਤੇ ਏਥੇ ਹੀ ਤਰਸੇਮ ਪਰਵਾਰ ਦੀ ਹੀ ਰਿਹਾਇਸ਼ ਹੈ। ਤਰਸੇਮ ਸਿੰਘ ਨਾਲ ਉਪਰੋਕਤ ਗੱਲ ਕਰਕੇ ਸ੍ਰੀ ਸਤਿਗੁਰੂ ਜੀ ਦੀ ਆਮਦ ਬਾਰੇ ਪੁੱਛਿਆ।

ਤਰਸੇਮ ਸਿੰਘ ਨੇ ਦੱਸਿਆ : ਸਤਿਗੁਰੂ ਜੀ ਦੀ ਆਮਦ ਦਾ ਅਜੇ ਕੋਈ ਪਤਾ ਨਹੀਂ। ਬੈਂਕੋਕ ਵਿੱਚ ਏਨਾ ਵਿਹਲੇ ਹੋ ਕੇ ਰਹਿਣ ਦੇ ਅਸਲੀ ਕਾਰਨ ਨੂੰ ਮੈਂ ਨਹੀਂ ਜਾਣਦਾ ਪਰ ਸੁਰਿੰਦਰ ਸਿੰਘ ਮਨਚੰਦਾ ਅਤੇ ਹੰਸਪਾਲ ਜੀ ਦੇ ਬੈਂਕੋਕ ਗਿਆਂ ਹੀ ਅਗਲਾ ਪ੍ਰੋਗਰਾਮ ਬਣੇਗਾ। ਫ਼ੋਨ ਦੁਆਰਾ ਇਹ ਪਤਾ ਜ਼ਰੂਰ ਲੱਗਾ ਹੈ ਕਿ ਬੇਬੇ ਜੀ ਰਾਜ਼ੀ ਹੋ ਕੇ ਸਿੰਘਾਪੁਰ ਨੂੰ ਚਲੇ ਗਏ ਹਨ, ਬਹੁਤ ਸਾਰੇ ਹੋਰ ਸਿੰਘ ਸਿੰਘਣੀਆਂ ਵੀ ਸਿੰਘਾਪੁਰ ਪਧਾਰੇ ਹਨ।

## 20 ਦਸੰਬਰ 1986, ਸ਼ਨੀਵਾਰ
## ਜੀਵਨ ਨਗਰ (ਸਰਸਾ)

**ਸੰਤ ਇਕਬਾਲ ਸਿੰਘ –** ਮੈਂ ਪਰਸੋਂ ਦਾ ਦਿੱਲੀਓਂ ਤੁਰਿਆ ਹੋਇਆ ਰਾਤ ਰਾਣੀਆਂ ਰਹਿ, ਡੇਰੇ ਸੰਤ ਨਗਰ ਹੋ ਅੱਜ ਜੀਵਨ ਨਗਰ ਜਾਣ ਲਈ ਬੱਸ ਦਾ ਇੰਤਜ਼ਾਰ ਕਰਨ ਲੱਗਾ ਤਾਂ ਸੰਤ ਇਕਬਾਲ ਸਿੰਘ ਦੀ ਕੱਪੜਾ-ਦੁਕਾਨ ਤੇ ਜਾ ਪਹੁੰਚਾ, ਸੰਤ ਮਨੋਹਰ ਸਿੰਘ ਨਾਮਧਾਰੀ ਕਾਟਨ ਮਿੱਲ ਨੂੰ ਫ਼ੋਨ ਕਰਨ ਲਈ। ਸੰਤ ਇਕਬਾਲ ਸਿੰਘ ਨੇ ਮੇਰਾ ਹਾਰਦਿਕ ਸਵਾਗਤ ਕੀਤਾ ਅਤੇ ਨਾਲ ਹੀ ਆਪਣੀ ਕਿਰਤੱਗਤਾ ਸਤਿਗੁਰਾਂ ਪ੍ਰਤੀ ਪੇਸ਼ ਕੀਤੀ। ਇਕਬਾਲ ਸਿੰਘ ਨੇ ਦੱਸਿਆ : ਮੇਰੇ ਮਾਤਾ ਪਿਤਾ ਦਾ ਨਾਮ ਸੰਤ ਗਿਆਨ ਸਿੰਘ ਅਤੇ ਲਾਭ ਕੌਰ ਹੈ। ਅਸੀਂ ਪਾਕਿਸਤਾਨ ਵਿਚਲੇ ਜ਼ਿਲ੍ਹਾ ਸ਼ੇਖੂਪੁਰ ਵਿੱਚ ਪਿੰਡ ਵਰਨਾਂ ਦੇ ਰਹਿਣ ਵਾਲੇ ਹਾਂ। ਇਹ ਸਾਰਾ ਪਿੰਡ ਵਧੇਰੇ ਕਰਕੇ ਨਾਮਧਾਰੀਆਂ ਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਇਲਾਕਾ ਜੀਵਨ ਨਗਰ ਖਰੀਦਣਾ ਸੀ, ਓਦੋਂ ਸਾਨੂੰ ਵੀ ਇੱਕ ਮੁਰੱਬਾ ਜ਼ਮੀਨ ਖਰੀਦਣ ਲਈ ਪੈਸੇ ਜਮ੍ਹਾਂ ਕਰਵਾਣ ਹਿੱਤ ਜ਼ੋਰ ਦਿੱਤਾ। ਅਸਾਂ ਬਚਨ ਮੰਨ ਕੇ ਇੱਕ ਮੁਰੱਬਾ ਜ਼ਮੀਨ ਦੀ ਕੀਮਤ 5500/- ਤਾਰ ਦਿੱਤੇ। ਏਥੇ ਆ ਕੇ ਇਸ ਜ਼ਮੀਨ ਨੂੰ ਐਸੇ ਭਾਗ ਲੱਗੇ ਹਨ ਕਿ ਇਸ ਸਾਲ ਇੱਕੋ ਪੈਲੀ ਹੀ ਸਾਨੂੰ 65000/- ਦੀ ਮਿਲੀ ਹੈ, ਚਾਰ ਪੁੱਤਰ ਨੇ ਮੇਰੇ ਵੱਡਾ ਹਰਭਜਨ ਸਿੰਘ, ਛੋਟਾ ਰਤਨ ਸਿੰਘ, ਤੀਜਾ .........ਸਿੰਘ ਅਤੇ ਚੌਥਾ ........। ਚਾਰੇ ਪੁੱਤਰ ਵਿਆਹੇ ਵਰ੍ਹੇ ਹਨ ਅਤੇ ਅੱਗੇ ਇਹਨਾਂ ਦੇ ਘਰ ਪੁੱਤਰ ਹਨ। ਪਰ ਸ੍ਰੀ ਸਤਿਗੁਰੂ ਜੀ ਦੀ ਸਾਡੇ ਤੇ ਅਪਰ ਕਿਰਪਾ ਹੈ ਕਿ ਚਾਰੇ ਪੁੱਤਰ ਤੇ ਇਹਨਾਂ ਦੇ ਪਰਵਾਰ ਅਜੇ ਤੱਕ ਇੱਕੋ ਚੁੱਲ੍ਹੇ ਤੇ ਲੰਗਰ ਪਕਾਂਦੇ ਤੇ ਛਕਦੇ ਛਕਾਂਦੇ ਹਨ। ਕੋਈ ਦੁਬਿਧਾ ਨਹੀਂ ਕੋਈ ਵੰਡ ਨਹੀਂ। ਮੈਨੂੰ ਗੁਰੂ ਘਰੋਂ ਵੀ ਤੇ ਆਪਣੇ ਘਰੋਂ ਵੀ ਵੱਧ ਤੋਂ ਵੱਧ ਮਣ ਮਿਲਦਾ ਹੈ। ਸਾਡਾ ਰਤਨ ਸਿੰਘ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਖਾਸ ਬੰਦਿਆਂ ਚੋਂ ਹੈ।

ਦੁਪਹਿਰੇ 12 ਕੁ ਵਜੇ ਮੈਂ ਜੀਵਨ ਨਗਰ ਪਹੁੰਚ ਕੇ ਮਹਾਰਾਜ ਜੀ ਦੇ ਘਾਹ ਕਿਤੇ ਵਿੱਚ ਜਾ ਉਨ੍ਹਾਂ ਨੂੰ ਨਮਸਕਾਰ ਕੀਤੀ। ਉਹ ਉੱਠਣ ਹੀ ਵਾਲੇ ਸਨ। ਉਹਨਾਂ ਨੂੰ ਦਿੱਲੀਓਂ ਫੋਨ ਆਇਆ ਸੀ, ਸੁਣਨ ਵਾਸਤੇ ਜਾਣਾ ਉਨ੍ਹਾਂ ਲਈ ਜ਼ਰੂਰੀ ਸੀ।

**ਵਿਥਿਆ ਚੰਦ੍ਰਹਾਂਸ ਦੀ –** ਮੈਂ ਸਤਿਜੁਗ ਦੇ ਦਫ਼ਤਰ ਵੱਲ ਆ ਗਿਆ। ਬੇਹਾ ਬੁੱਜਾ ਅਤੇ ਨਾ ਸਾਫ ਸਥਾਨ। ਇਸ ਪ੍ਰਭਾਵ ਹੀਨ ਸਥਾਨ ਤੇ ਸਤਿਜੁਗ ਦੇ ਸੰਪਾਦਕ ਸਨਖਤਰਾ ਜੀ ਤਾਂ ਨਾ ਮਿਲੇ, ਆਪਣੇ ਸਹਿਪਾਠੀ ਅਤੇ ਮਹਾਰਾਜ ਜੀ ਦੇ ਲੰਗੋਟੀਏ ਸੰਤ ਹਜ਼ੂਰ ਸਿੰਘ ਚੰਦ੍ਰਹਾਂਸ ਦੇ ਦੀਦਾਰੇ ਹੋ ਗਏ। ਉਹਨਾਂ ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਜ਼ੋਰ ਦੇ ਕੇ ਸੋਵੀਂ ਮੰਜੀ ਤੇ ਬਹਾ ਲਿਆ।

ਚੰਦ੍ਰਹਾਂਸ ਜੀ ਭਾਵੇਂ 10-15 ਸਾਲ ਮੈਥੋਂ ਉਮਰੋਂ ਛੋਟੇ ਹਨ (60 ਸਾਲ ਦੇ) ਪਰ ਉਨ੍ਹਾਂ ਦੀ ਨਜ਼ਰ ਕਮਜ਼ੋਰ ਹੋ ਗਈ ਹੈ, ਸੁਣਦਾ ਘੱਟ ਹੈ, ਸਰੀਰ ਨਿਰਬਲ ਹੋ ਗਿਆ ਅਤੇ ਮੂਤਰ ਰੋਗ ਦਾ ਸ਼ਿਕਾਰ ਹੋਏ ਹੋਏ ਹਨ। ਇਹ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ ਵਿਖੇ ਸੰਗੀਤ ਦੇ ਅਧਿਆਪਕ ਹਨ। ਪਹਿਲਾਂ ਇਹ 'ਸਤਿਜੁਗ' ਦੇ ਮੈਨੇਜਰ ਵੀ ਰਹੇ ਹਨ ਤੇ ਮਹਾਰਾਜ ਜੀ ਦੇ ਵਿਸ਼ਵਾਸ਼ਤ ਖਜ਼ਾਨਚੀ ਵੀ। ਮਹਾਰਾਜ ਜੀ ਦੇ ਨਾਲ ਹੀ ਇਹਨਾਂ ਦੀ ਉਮਰ ਲੰਘੀ ਹੈ। ਪਰਵਾਰ ਸਾਰਾ ਸਰਸੇ ਰਹਿੰਦਾ ਹੈ। ਇਹ ਇਕੱਲੇ ਜੀਵਨ ਨਗਰ ਅਜਕਲ੍ਹ ਸਤਿਜੁਗ ਦੇ ਦਫ਼ਤਰ ਵਿੱਚ ਰਹਿੰਦੇ ਹਨ। ਪਿਛਲੇ ਦਿਨੀਂ ਸਰੀਰਕ ਕਮਜ਼ੋਰੀ ਕਾਰਨ ਭੁਆਟਣੀ ਖਾ ਕੇ ਡਿੱਗ ਪਏ ਸਨ। ਇਹਨਾਂ ਦੇ ਖਾਣ ਪੀਣ ਵੱਲ ਵੀ ਕੋਈ ਧਿਆਨ ਨਹੀਂ ਸੀ ਰੱਖਦਾ। ਇਹ ਤਾਂ ਆਪ ਛੁੱਟੀ ਲੈਣ ਨੂੰ ਫਿਰਦੇ ਸਨ ਕਿ ਇੱਕ ਦਿਨ ਮਹਾਰਾਜ ਜੀ ਨੇ ਬੁਲਾ ਲਿਆ। ਚੰਦ੍ਰਹਾਂਸ ਜੀ ਦੱਸਿਆ : ਬੇਬੇ ਜੀ ਕੋਲ ਸਨ। ਬਲਵਿੰਦਰ ਸਿੰਘ, ਧੀਰਾ ਅਤੇ ਇੱਕ ਹੋਰ ਜ਼ਰੂਰੀ ਆਦਮੀ ਉਹਲੇ ਵਿੱਚ ਸਨ। ਮਹਾਰਾਜ ਜੀ ਨੇ ਮੈਨੂੰ ਕਿਹਾ, ਚੰਦ੍ਰਹਾਂਸ ਜੀ ਤੁਹਾਡੇ ਤੇ ਸਤਿਗੁਰਾਂ ਦੀ ਬੜੀ ਕਿਰਪਾ ਹੈ। ਦੁਕਾਨ ਅਤੇ ਟਰੱਕ ਆਦਿ ਚੱਲਦੇ ਹਨ, ਹੁਣ ਤੁਸੀਂ ਸੇਵਾ ਹੀ ਕਰਿਆ ਕਰੋ। ਪੈਸੇ ਨਾ ਮੰਗਿਆ ਕਰੋ। ਮੈਂ ਅਰਜ਼ ਕੀਤੀ, ਸੇਵਾ ਬਹੁਤ ਕਰ ਲਈ ਹੈ, ਹੁਣ ਮੇਰਾ ਸਰੀਰ ਆਰਾਮ ਮੰਗਦਾ ਹੈ, ਢਿੱਲਾ ਰਹਿੰਦਾ ਹੈ, ਮੈਂ ਸਰਸੇ ਜਾਣਾ ਚਾਹੁੰਦਾ ਹਾਂ।

ਸਾਰੀ ਵਿਥਿਆ ਸੁਣਾਕੇ ਚੰਦ੍ਰਹਾਂਸ ਜੀ ਨੇ ਕਿਹਾ : ਮੈਂ ਛੇ ਮਹੀਨੇ ਮੁਫਤ ਸੇਵਾ ਕਰਨ ਲਈ ਮੰਨ ਲਿਆ ਸੀ, ਇਸ ਵਿੱਚੋਂ ਕੇਵਲ ਦੋ ਹਫਤੇ ਬਾਕੀ ਹਨ। ਫੇਰ ਮੈਂ ਸਰਸੇ ਚਲਾ ਜਾਵਾਂਗਾ। ਮੈਂ ਕਿਹਾ ਤੁਹਾਨੂੰ ਆਪਣੀ ਕਹਾਣੀ ਸੁਣਾ ਦਿਆਂ, ਕੀ ਪਤਾ ਕੋਈ ਗ਼ਲਤ ਰੰਗ ਵਿੱਚ ਪੇਸ਼ ਕਰ ਦੇਵੇ।

**ਇਕਰਾਰ ਦਾ ਧਨੀ ਵਿਅਕਤੀ –** ਅੱਜ ਸਵੇਰੇ ਹੀ ਸੰਤ ਮਨੋਹਰ ਸਿੰਘ ਨਾਮਧਾਰੀ ਕਾਟਨ ਮਿੱਲ, ਜੀਵਨ ਨਗਰ ਵਾਲੇ ਨੂੰ ਮਿਲ ਸਕਿਆ। ਉਸਦਾ ਮੈਨੂੰ ਬੀਤੇ ਦਿਨ 'ਬੀਤੇ ਦੀਆਂ ਪੈੜਾਂ' ਦੀ ਪਹਿਲੀ ਪੁਸਤਕ ਛਪਵਾਣ ਦਾ ਕੁੱਲ ਖਰਚ ਕੱਲ੍ਹ ਦੇਣ ਦਾ ਇਕਰਾਰ ਸੀ। ਮੈਂ ਉਸਨੂੰ ਅੱਜ ਹੀ ਮਿਲਿਆ ਸਾਂ। ਅਨੇਕ ਪ੍ਰਕਾਰ ਦੀਆਂ ਹੋਰ ਗੱਲਾਂ ਬਾਤਾਂ ਕਰਕੇ ਉਸਨੇ 10,000/- ਦੇ 100-100 ਦੇ ਨੋਟਾਂ ਦੀ ਥਹੀ ਮੇਰੇ ਹਵਾਲੇ ਕਰ ਦਿੱਤੀ ਅਤੇ ਆਖਿਆ : ਇਹ ਅੱਧ ਹੈ, ਅੱਧ ਅਗਲੇ ਮਹੀਨੇ ਦੀ ਏਸੇ ਤਾਰੀਖ ਨੂੰ ਆ ਕੇ ਲੈ ਜਾਇਓ। ਸਿੰਘ ਨੇ ਆਪਣਾ ਇਕਰਾਰ ਖ਼ੂਬ ਭੁਗਤਾਇਆ। ਮੈਨੂੰ ਯਕੀਨ ਹੈ ਕਿ ਨਵੇਂ ਸਾਲ ਦੇ ਏਸੇ ਦਿਨ ਮੈਨੂੰ 10,000/- ਹੋਰ ਮਿਲ ਜਾਣਗੇ ਅਤੇ ਫੇਰ ਮੈਂ ਕਿਤਾਬ ਦੀ ਛਪਵਾਈ ਵੱਲ ਹੋਵਾਂਗਾ।

**ਕਾਟਨ ਮਿੱਲ ਮੁਸਕਰਾ ਪਈ –** ਮਨੋਹਰ ਸਿੰਘ ਮੈਨੂੰ ਮਿੱਲ ਵਖਾਣ ਨਾਲ ਲੈ ਤੁਰਿਆ। ਸਾਰੀ ਰਾਤ ਮਿੱਲ ਦੀ ਸੀਟੀ ਸੁਣੀਂ ਦੀ ਰਹੀ ਸੀ, ਜਿਸਦਾ ਮਤਲਬ ਸੀ ਕਿ ਰਾਤ ਭਰ ਮਿੱਲ ਚੱਲੀ ਹੈ। ਸਵੇਰੇ 9 ਵਜੇ ਤੋਂ ਮਿੱਲ ਫੇਰ ਚਾਲੂ ਹੋ ਗਈ। ਸਰਸਾ ਤੇ ਐਲਨਾਬਾਦ ਦੀਆਂ ਦੋ ਪਾਰਟੀਆਂ ਇਹਨਾਂ ਪਾਸ ਨਰਮਾ ਸੁਟਵਾ ਰਹੀਆਂ ਹਨ। ਅੰਦਰ ਬਾਹਰ ਚੰਗੇ ਨਰਮੇ ਦੇ ਪੱਕੇ ਥੜ੍ਹਿਆਂ ਤੇ ਢੇਰ ਲੱਗੇ ਹੋਏ ਹਨ। ਤੀਜੇ ਥੜ੍ਹੇ ਤੇ ਇਹ ਆਪ ਨਰਮਾ ਖਰੀਦ ਕੇ ਰੱਖ ਰਹੇ ਹਨ। ਐਸ ਵੇਲੇ 150 ਗੰਢਾਂ 1.75 ਕੁਇੰਟਲ ਵਜ਼ਨ ਦੀਆਂ ਵੇਲੇ ਨਰਮੇ ਦੀਆਂ ਪ੍ਰੈਸ ਕਰਕੇ ਬੱਧੀਆਂ ਪਈਆਂ ਹਨ। 30 ਬੋਰੇ ਵੇਲੀ ਹੋਈ ਕਪਾਹ ਦੇ ਬੰਨ੍ਹਾਈ ਲਈ ਉਡੀਕ ਵਿੱਚ ਹਨ। ਦੋ ਮਸ਼ੀਨਾਂ ਵੜੇਵੇਂ ਮੁੰਨਣ ਵਾਲੀਆਂ ਅਜੇ ਅਣ ਚੱਲ ਚਲਾਈਆਂ ਹਨ। ਜਿੰਨਿੰਗ ਦੀਆਂ ਤਿੰਨ ਆਟੋਮੈਟਿਕ ਮਸ਼ੀਨਾਂ ਕੰਮ ਕਰ ਰਹੀਆਂ ਹਨ। ਟੀਨ ਪਾਈਪਾਂ ਰਾਹੀਂ ਕਪਾਹ ਦੇ ਢੇਰਾਂ ਤੋਂ ਹੀ ਕਪਾਹ ਹਵਾ ਦੇ ਦਬਾਅ ਨਾਲ ਖਿੱਚੀ ਆ ਰਹੀ ਤੇ ਜਿੰਨਿੰਗ ਮਸ਼ੀਨਾਂ ਵਿੱਚ ਤਰਤੀਬ ਨਾਲ ਪਈ ਜਾ ਰਹੀ ਹੈ। ਕਪਾਹ ਦੇ ਤੋਰੇ ਤੋਂ ਵੜੇਵੇਂ ਮੁੰਨਣ ਤੱਕ ਸਾਰਾ ਕਾਰਜ ਸ੍ਵੈ-ਚਲਿਤ ਹੈ। ਗੱਡੇ, ਟਰੱਕ, ਟਰਾਲੀਆਂ, ਨਰਮੇ ਦੇ ਭਰੇ ਹੋਏ ਮਿੱਲ ਨੂੰ ਆ ਰਹੇ ਹਨ। ਦਰਜਨਾਂ ਆਦਮੀ ਕਾਰਜਰਤ ਹਨ। ਅਰਥਾਤ ਮਿੱਲ ਜਿਉਂ ਤਾਂ ਪਹਿਲੀ ਫੇਰੀ ਸਮੇਂ ਹੀ ਸੀ ਹੁਣ ਮੁਸਕਰਾ ਪਈ ਹੈ।

ਮਨੋਹਰ ਸਿੰਘ ਨੇ ਮੈਨੂੰ ਦੱਸਿਆ : ਪਿਛਲੇ ਦਿਨੀਂ ਰੀਜ਼ਰਵ ਬੈਂਕ ਦੇ ਕੁਛ ਅਧਿਕਾਰੀ, ਏਥੇ, ਟ੍ਰੇਡਰਜ਼ ਬੈਂਕ ਵਲੋਂ ਮਿੱਲ ਦੀ ਜਾਣਕਾਰੀ ਲੈਣ ਲਈ ਆਏ, ਤਾਂ ਸ਼ਹਿਰਾਂ ਤੋਂ ਹਟਵੇਂ ਇਹਨਾਂ ਪਿੰਡਾਂ ਵਿੱਚ ਮਿੱਲ ਦੀ ਕਾਰਕਰਦਗੀ ਵੇਖ ਕੇ ਹੈਰਾਨ ਹੋਏ। ਮੈਨੂੰ ਅਵਤਾਰ ਸਿੰਘ ਘੁੰਮਣ ਹੁਰਾਂ ਨੇ ਕਹਿ ਰੱਖਿਆ ਸੀ ਕਿ ਬੈਂਕ ਵਾਲਿਆਂ ਨਾਲ 'ਸਤਿਗੁਰਾਂ ਦੀ ਕਿਰਪਾ' ਕਹਿ ਕਹਿ ਗੱਲ

ਨਹੀਂ ਕਰਨੀ। ਮੈਂ ਕਿਹਾ ਕਿਵੇਂ ਨ ਕਹਾਂਗਾਂ ਸਤਿਗੁਰਾਂ ਦੀ ਕਿਰਪਾ, ਜੇ ਉਹਨਾਂ ਦੀ ਕਿਰਪਾ ਨੇ ਹੀ ਮੈਨੂੰ ਮਿੱਲ ਮਾਲਿਕ ਬਣਾਇਆ ਹੋਵੇ ਤਾਂ।

ਮਨੋਹਰ ਸਿੰਘ ਨੇ ਕਿਹਾ : ਕਵੀ ਜੀ, ਸਤਿਗੁਰਾਂ ਦੀ ਐਸੀ ਕਿਰਪਾ ਹੋਈ ਕਿ ਅਧਿਕਾਰੀਆਂ ਨੂੰ ਮੇਰੇ ਮਿਲਣ ਤੋਂ ਪਹਿਲੋਂ ਹੀ ਲੋਕਾਂ ਨੇ ਮਿੱਲ ਦਾ ਤੇ ਮੇਰਾ ਅਜਿਹਾ ਪ੍ਰਭਾਵ ਬਣਾ ਦਿੱਤਾ ਕਿ ਬੈਂਕ ਵਾਲੇ ਮੈਨੂੰ ਕਹਿਣ ਲੱਗੇ : ਅਸੀਂ ਤੁਹਾਡੇ ਵਾਸਤੇ ਬੈਂਕ ਦੀ ਲਿਸਟ ਬਣਾਣ ਤੇ ਵਧਾਣ ਲਈ ਆਏ ਹਾਂ। ਮੈਂ ਕਿਹਾ, ਬਾਦਸ਼ਾਹੋ, ਬੈਂਕ ਵਾਲਿਆਂ ਵਲੋਂ ਤਾਂ ਕੋਈ ਕਸਰ ਨਹੀਂ, ਅਸੀਂ ਹੀ ਅਜੇ ਬੈਂਕ ਦੇ ਸਰਮਾਏ ਲਈ ਉਤਾਵਲੇ ਨਹੀਂ।

ਫੇਰ ਮੈਨੂੰ ਸੰਤ ਮਨੋਹਰ ਸਿੰਘ ਨੇ ਇੱਕ ਟ੍ਰਾਂਸਫਾਰਮਰ ਵਖਾਇਆ। ਇਹ ਮਿੱਲ ਦੇ ਇੱਕ ਵੱਡੇ ਕਮਰੇ ਵਿੱਚ ਗੱਡਿਆ ਹੋਇਆ ਸੀ। ਨਾਲ ਹੀ ਇਹ ਵੀ ਦੱਸਿਆ : ਜਿਸ ਟ੍ਰਾਂਸਫਾਰਮਰ ਦਾ ਮੁੱਲ ਇੱਕ ਲੱਖ ਸੱਤਰ ਹਜ਼ਾਰ ਦੱਸਿਆ ਜਾਂਦਾ ਸੀ; ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਅਤੇ ਅਰਦਾਸ ਕਰਕੇ ਚੱਲਿਆਂ ਸਾਨੂੰ ਇਹੋ ਮੰਡੀ ਗੋਬਿੰਦਗੜ੍ਹ ਤੋਂ 65,000/- ਦਾ ਹੀ ਮਿਲ ਗਿਆ।

ਡੇਢ ਵਜੇ ਮੈਂ ਏਥੋਂ ਵਿਦਾ ਲੈ ਲਈ, ਰਾਤ ਰਾਣੀਆਂ ਰਹਿ ਸਵੇਰੇ ਦਿੱਲੀ ਪਹੁੰਚ ਜਾਵਾਂਗਾ।

## 21 ਦਸੰਬਰ 1986, ਐਤਵਾਰ
## ਨਵੀਂ ਦਿੱਲੀ

**ਸਫ਼ਰ ਵਿੱਚ ਸੁਖਾਵੇਂ ਵਿਅਕਤੀ ਦਾ ਮੇਲ –** ਸਵੇਰੇ 6.30 ਦੀ ਬੱਸੇ ਰਾਣੀਆਂ ਤੋਂ ਚੜ੍ਹ ਸਰਸਿਓਂ 7.30 ਦੀ ਬਸ ਦਿੱਲੀ ਵਾਸਤੇ ਆ ਫੜ੍ਹੀ। ਡਰਾਈਵਰ ਨਾਲ ਪਿਛਲੀ ਸੀਟ ਤੇ ਆਪਣੇ ਨਾਲ ਕਰ ਸਿਆਣੀ ਉਮਰ ਦੇ ਇੱਕ ਖ਼ੂਬਸੂਰਤ ਸਰਦਾਰ ਨੂੰ ਬੈਠਦਿਆਂ ਵੇਖ ਮੈਂ ਉਹਦੇ ਸੁੰਦਰ ਸਫਾਰੀ ਸੂਟ ਦੇ ਰੰਗ ਢੰਗ ਦੀ ਪ੍ਰਸੰਸਾ ਕੀਤੀ। ਇਸ ਨਾਲ ਸਾਨੂੰ ਗੱਲਾਂ ਬਾਤਾਂ ਦੇ ਕਈ ਸੂਤਰ ਮਿਲ ਗਏ। ਇਹ ਸਰਦਾਰ ਬੀਰਿੰਦਰ ਪਾਲ ਸਿੰਘ ਨਾਂ ਦਾ ਡਬਵਾਲੀ (ਹਰਿਆਣਾ) ਦੇ ਪੰਜਾਬ ਐਂਡ ਸਿੰਧ ਬੈਂਕ ਦਾ ਮੈਨੇਜਰ ਸੀ। ਇਸ ਮੈਨੂੰ ਪੁੱਛਿਆ : ਜੀਵਨ ਨਗਰੋਂ ਆਏ ਹੋ? ਮੇਰੇ 'ਹਾਂ' ਕਹਿਣ ਤੇ ਉਸਨੇ ਦੱਸਿਆ ਕਿ ਉਸ ਵੀ ਜੀਵਨ ਨਗਰ ਜਾ ਕੇ ਦੋ ਤਿੰਨ ਵਾਰ ਨਾਮਧਾਰੀ ਮੇਲੇ ਵੇਖੇ ਹਨ ਅਤੇ ਸਤਿਗੁਰਾਂ ਦੇ ਦਰਸ਼ਨਾਂ ਦਾ ਲਾਹਾ ਲਿਆ ਹੈ। ਇਹ ਅਵਸਰ ਪੈਦਾ ਕਰਨ ਵਾਲੇ ਡੱਬਵਾਲੀ ਦੇ ਸੰਤ ਅਜਾਇਬ ਸਿੰਘ ਨਾਮਧਾਰੀ ਹਨ। ਇਹ ਵੀ ਬੈਂਕ ਕਰਮਚਾਰੀ ਹਨ।

ਸ. ਬੀ. ਪੀ. ਸਿੰਘ ਕਿਸੇ ਵਿਸ਼ੇਸ਼ ਕਾਰਜ ਲਈ ਅੱਜ ਸ਼ਾਮ ਨੂੰ ਦਿੱਲੀਓਂ ਬੰਬਈ ਨੂੰ ਉਡਣ ਵਾਲੇ ਹਨ। ਉਨ੍ਹਾਂ ਕਿਹਾ : ਮੈਂ ਤਿੰਨ ਵਾਰ ਨਾਮਧਾਰੀ ਮੇਲਿਆਂ ਵਿੱਚ ਗਿਆ ਹਾਂ, ਮੈਨੂੰ ਪੂਰੀ ਸਕੂਨ ਤੇ ਤਸੱਲੀ ਮਿਲੀ ਹੈ। ਫਾਲਤੂ ਮੁਸੀਬਤਾਂ ਤੋਂ ਰਹਿਤ ਤੁਹਾਡੇ ਮੇਲੇ ਭਜਨ-ਭਗਤੀ ਦਾ ਪ੍ਰਭਾਵਸ਼ਾਲੀ ਕਾਰਨ ਬਣਦੇ ਹਨ। ਸਾਤਵਿਕ ਸੁਭਾਵੀ ਲੋਕਾਂ ਲਈ ਤਾਂ ਇਹ ਮਨ ਦੀ ਸ਼ਾਂਤੀ ਦੇ ਕੇਂਦਰ ਹੁੰਦੇ ਹਨ। ਮੈਂ ਤੁਹਾਡੇ ਵਿਆਹ ਹੁੰਦੇ ਵੀ ਵੇਖੇ ਹਨ। ਫਜ਼ੂਲ ਦੀਆਂ ਰਸਮਾਂ ਅਤੇ ਲੈਣ-ਦੇਣ ਦੇ ਵਖਾਲਿਆਂ ਤੋਂ ਬਿਨਾਂ ਇਹ ਤਾਂ ਦੇਸ਼ ਦੇ ਸਮਝਣ ਸਿੱਖਣ ਵਾਲੀ ਗੱਲ ਹੈ।

ਦੋ ਤਿੰਨ ਮਿੰਟ ਦੀ ਚੁੱਪ ਬਾਅਦ ਸ. ਬੀ. ਪੀ. ਸਿੰਘ ਫੇਰ ਬੋਲੇ : ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਸਿੱਖਿਆ ਤੇ ਨਾਮਧਾਰੀ ਸਿੰਘ ਅਮਲ ਕਰਦੇ ਹਨ। ਸਤਿਗੁਰੂ ਨੂੰ ਮੰਨਣਾ, ਨਿੱਤ ਸਵੇਰੇ ਸਕੇਸ਼ ਇਸ਼ਨਾਨ ਕਰਨਾ, ਭਜਨ ਲੀਨ ਰਹਿਣਾ ਤੇ ਬਾਣੀਆਂ ਪੜ੍ਹਨੀਆਂ, ਸੇਵਾ, ਪ੍ਰੇਮ ਅਤੇ ਸਿਦਕ ਨਾਮਧਾਰੀਆਂ ਦੇ ਗੁਣ ਹਨ। ਸਾਡੀਆਂ ਪੱਗਾਂ ਵੀ ਟੇਢੀਆਂ ਤੇ ਮਨ ਵੀ ਅਸਤ ਵਿਅਸਤ ਹਨ। ਅੱਜ ਸਿੱਖਾਂ ਨੂੰ ਕਿਸ ਜ਼ਲਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੀਨ ਏਜਰਾਂ (13 ਤੋਂ 19 ਸਾਲ ਦੀ ਉਮਰ) ਦੇ ਹੱਥ ਹਥਿਆਰ ਹਨ। ਉਹ ਪੰਜਾਬ ਵਿੱਚ, ਹਥਿਆਰਾਂ ਦੇ ਜ਼ੋਰ ਦਨਦਨਾਂਦੇ ਫਿਰਦੇ ਹਨ। ਵਿਰੋਧੀ ਵਿਚਾਰਾਂ ਵਾਲਿਆਂ ਨੂੰ ਭੁੰਨ ਧਰਨਾ ਉਹਨਾਂ ਦਾ ਕੰਮ ਹੈ।

ਡੱਬਵਾਲੀ ਦੇ ਨਾਮਧਾਰੀ – ਮੈਂ ਜਦੋਂ ਸ. ਬੀਰਿੰਦਰ ਪਾਲ ਸਿੰਘ ਨੂੰ ਡਬਵਾਲੀ ਦੇ ਨਾਮਧਾਰੀਆਂ ਬਾਰੇ ਪੁੱਛਿਆ ਤਾਂ ਉਸਨੇ ਸੰਤ ਰੂਪ ਸਿੰਘ-ਅਜਾਇਬ ਸਿੰਘ ਦੀ ਮੁਕਤਕੰਤ ਪ੍ਰਸੰਸਾ ਕੀਤੀ। ਉਸ ਕਿਹਾ ਬੜੇ ਰਸੂਖ ਵਾਲੇ ਨਾਮਧਾਰੀ ਹਨ। ਦੂਰ ਨੇੜੇ ਦੇ ਪਿੰਡਾਂ ਵਿੱਚ ਵੀ ਉਨ੍ਹਾਂ ਦਾ ਨਾਮ ਹੈ। ਸ਼ਹਿਰਾਂ ਵਿੱਚ ਤਾਂ ਹਰ ਕੋਈ ਉਨ੍ਹਾਂ ਨੂੰ ਜਾਣਦਾ ਹੈ। ਤੁਸੀਂ ਰੂਪ ਸਿੰਘ ਜਾਂ ਅਜਾਇਬ ਸਿੰਘ ਨੂੰ ਨਾਲ ਨਾਮਧਾਰੀ ਤੇ ਡਬਵਾਲੀ ਲਿਖ ਕੇ ਖ਼ਤ ਪਾ ਦਿਓ, ਉਹ ਹਰ ਤਰ੍ਹਾਂ ਇਹਨਾਂ ਵਿਅਕਤੀਆਂ ਕੋਲ ਪੁੱਜ ਜਾਵੇਗਾ। ਨਾਮਧਾਰੀਆਂ ਦੇ ਵਧੀਆ ਪ੍ਰਤੀਨਿਧ ਹਨ ਰੂਪ ਸਿੰਘ-ਅਜਾਇਬ ਸਿੰਘ ਪਰਵਾਰ ਵੀ।

**ਚਲਦਾ....**



200 – Year

# Baba Ram Singh - His Mission

**Jagmohan Singh Gill (Kolkata)**
**9831059675**

**The learned writer has painstakingly written this article about Satguru Ram Singh Ji and the Kuka Movement, which has been published in Sikh Review Calcutta, July 2022. In this regard, we would like to say that Satguru Ram Singh Ji was made his spiritual heir by Guru Balak Singh Ji in 1841 AD. at the time of their first meeting. According to the author, Guru Balak Singh Ji is a disciple of Sai Jawahar Mall, in fact Sai Ji was a very dear Sikh of Guru Balak Singh Ji. Further, Satguru Ram Singh Ji followed the path shown by Satguru Nanak Dev Ji and Satguru Gobind Singh Ji, and re-established 'Khalsa' to keep the spiritual tradition alive in Punjab and elsewhere.**

Any long journey of some great people is bound to embrace a mélange of manifestation from supreme sacrifice, dedication and valour to kindling of new hopes. As we are celebrating the 550th Parkash Utsav of the greatest of the great Guru Nanak Dev Ji, remembering Baba Ram Singh, an ardent follower of Guru Ji and guiding light of the famous Kuka Movement will not be out of place. As we already had celebrated the bi-centennial year of Baba Ram Singh with a gala ceremony, we need to assess the role of Baba Ji who presents an intriguing case study of a progression of Sikhism–where dissimilar views co-exist, uniformity thrives on diversity and methods and myth complement each other. In the relationship of history with the past, it is generally believed that the total volume of the past, both remembered and not remembered, is much larger than history and that no amount of historical knowledge can match up to its enormity.

Globally a school of thought has emerged with the ideology and spiritual life of Baba Ram Singh. The number of his followers and lovers can be count in lakhs. They adhere to the (*soch–te–pehra*)different aspects like Gurmat thoughts, spirituality, Bandagi and philosophy he preached to lead their life and get enlightenment. His unique Prabhu Bhakti and love for nation as '*Ankhile*'(self-esteem) and *'NirbhayJodha'* (fearlesswarrior) is rare in history. He represented an era of Sikh activism that is now absolutely and comprehensively in the past. Indeed, recalling what Baba Ram Singh wanted to achieve would amount to redeeming the debt we owe him for his emphasis on building a value - based society at a time when moral degradation in every form had engulfed the Sikhs in the wake of their defeat in the Anglo Sikh War in 1849.

**Violent uprooting of Sikhs and then turning to be large power including spiritually: -**

Medieval rulers of our country like the Mughals and the plunderers coming from Afghanistan and Iran like Nadir Shah and Ahmed Shah Abdali tried to finish the identity of Sikhism in many ruthless ways. Mughals were always oppressive and continuously

disturbed our Gurus who werepreaching peacefully the message of the Almighty. Our Gurus their families and large number of the Sikhs had to sacrifice their lives as the price for standing against their suppression and forcible attempts to change their belief. Fearlessness's was thus rooted in the Sikh psyche, they made resilient individuals, capable to fight injustice relentlessly. For the first time in history, fear of death, the darkest and greatest of fears, was taken out of man, death - not merely in the heat and tumult of war, but death in silent defiance of the worst and tormenting tyranny.

After the Guru the period right from the time of Baba Banda Singh Bahadur, lakhs of Sikhs were butchered by the rulers. *'Vadha–Ghallughara'* and *'Chhotta–Ghalughara'* are just two such examples. The eighteenth century was the period full of sacrifice by the Sikh.In the later part of this century Sikhs became a dominant power in the north-west of India when East India Company or the British started to take a serious note of the religion and its adherents.

The Kuka movement, launched by Baba Ram Singh, a man of religion, may also be compared to the Sannyasi Rebellion in parts of north Bihar and Bengal close on the heels of the Great Bengal Famine. In that uprising, the ascetics mostly from north India took to arms against the zamindars and the British whose horrendous exploitation caused the death of about ten million people or a third of the population of this area in famine. This uprising was joined by Nanak Shahi or Nanak PanthiUdasi saints who were very powerful in the entire North Bihar and north Bengal with Purnia and Dhuni Van (in Chatra, Nepal from where river Kosi originates) as their base. I have heard the story of huge 'Jamaat' (procession) making rounds in this area with large number of such people carrying traditional weapons, riding on elephants, horses and carts as routine. Their presence in these areas for more than three hundred years makes me feel sure that they were the main mobilizing force and led this agitation called the Sannyasi Rebellion. I had visited many such medieval places which have almost disappeared.

Most of the religious movements of nineteenth century had direct or indirect impact of Nanakpanthi(born out of early tradition of Sikhism) ascetics who walked throughout the length and breadth of our country to spread the message of Guru Nanak Sahib and Guru Granth Sahib.Earlier, order of Baba Ram Singh was also part of this great awakening movement. In Bengal we see *'Japuji–Sahib'* was chanted in the prayer service of Brahmo Samaj, the organization responsible for renaissance of Bengal. Taking inspiration from Sikhism Brahmo Samaj established a youth wing under Keshav Sen named 'Sangat Sabha' in 1860 to motivate the new generation towards spiritual path and righteousness. In same manner 'The Kuka Movement' has also it's parallel in Bengal in the form of Brahmo Samaj which advocated the worship of the one and only God.

In that period famous Saint of Bengal Rama Krishna Paramhansa received spiritual guidance from Naga Sannyasi Totapuri said to be of the Udasi order from Punjab. Sikhism had the impact on a modern religion of Iran named Baha'i. Many offshoots have come from Sikhism which is quite known to many.

This was mainly due toNanakpanthi saints who preached the tenets of Sikhism in $18^{th}$ century.

Baba Ram Singh was born to S. Jassa Singh and Sardarni Sada Kaur at the village Bhaini-Arayian now popularly known as 'Bhaini Sahib' in the district of Ludhiana of Malwa region of Punjab. This was the period whenthe Sikh rule was in its zenith under the extra-ordinary leadership of Maharaja Ranjit Singh. May be his birthplace was just on the other side of the river Satluj which was not in the dominion of Maharaja, but the impact of Sikhs and the Sikh rule was perceived thousands of miles away from the Punjab. From Bangladesh, Burma in east to countries of west Asia and nations fragmented from the erstwhile USSR, Russia. In childhood, he was able to memorise many parts of Guru Granth Sahib Ji. He joined the 'Khalsa-Army' of Maharaja Ranjit Singh at a tender age and remained till 1846 under the Russia named after Kanwar Nau-Nihal Singh. While working in the Army he got the opportunity to meet famous saint,andan adherent of our Great Sikh Gurus, Baba Balak Singh Singh Ji, at Hazru in the district of Campbellpur, now in Pakistan. He became a disciple of Balak Singh, the founder of the ascetic Namdhari movement, from which he learned of the great Sikh Gurus and the Sikh heroes and of the Khalsa. Before his death, Balak Singh appointed him leader of the Namdharis.

Baba Balak Singh was a disciple of Baba Jawahar Mall said to be saint of Nanakpanthi traditionsand who belonged to the village 'Sarwala' of district 'Attock'. Jawahar Mal had many followers who were practicing Nam. Baba Balak Singh was deputed to Hazro to look after the Sikh congregations there. He spent most of his time in reciting 'Guru Granth Sahib'. Founder of the Kuka movement was Baba Balak Singh Ji. He rejected the Brahminical rituals introduced in Sikhism by section ofUdasi Mahants and Pujaris during the exodus of Sikhs to jungles due to their persecution by the Mughal rulers. The impact of Balak Singh's personality was evidently considerable for by the time he died in 1862. Baba Ram Singh was chosen his successor. Baba Ram Singh shifted to Bhaini Sahib, his native village and with him the headquarters of his mission.

In Punjab, freedom movement against the Colonial British Rule started around the period of the Anglo – Sikh wars of 1846-1848. After this period British became virtual rulers of the Punjab. Sikhs, under the leadership of Dewan Mulraj, Chattar Singh Attariwala, Sher Singh Attariwala and Bhai Maharaj Singh made unsuccessful fightand lost attempts to get rid of clutches of the foreigners. Finally, theysurrendered except Bhai Maharaj Singh. He raised his banner as a rebellion in Jullundur area, and attained some measure of success before being arrested and deported as a life prisoner to Singapore. The 'Khalsa-Army' was disbanded; a large number of soldiers were driven to plough into. Later on owing to atrocities of the rulers and activities of the Christian missionaries in converting to their religion created a strong sense of distrust and resentment among the masses of Punjab.

This was the time when Baba Ram Singh came forward to stand with the masses and share their sufferings. He arranged a

platform for rediscovering the people in turmoil. He wanted not only to cleanse society and emancipate the peasants (common-man) from the stranglehold of the 'Jagirdars', but also to wage a war against the colonial British Raj which was firmly in the saddles after crushing the 'Sepoy-Mutiny' of 1857. The 'Kuka' movement also exposed the germination of the British policy of 'divide and rule' as evidenced in issuing permission to open slaughter houses close to the Sikh and Hindu settlements. Baba Ram Singh's movement not only broke the stranglehold of the few families and some people becoming sole authority of Sikhism in important Sikh centres, it was aimed against the marauding Christian missionaries as this was the deliberate ploy by the British to exploit the masses and keep them out of political activity. It was due to the original militant orientation of the Sikh ideology. Right from Guru Nanak Sahib to the tenth Master Guru Gobind Singh, the emphasis was on creating casteless and equal society. This laid the foundation of the nationalist spirit to achieve the objective.

It is a curious coincidence that the Kuka movement was rolled out in about same time the mutiny erupted. But, unlike the uprising by a section of the Indian sepoys in the East India Company's army, the Kukas (name derived from the war-cry **'ku'**) were men steeped in deep religiosity and united in their mission of challenging the oppressive British rule in all manners as possible. They laid down their lives in scores, but never flinched even in the face of death. To a certain extent, they foreshadowed the Punjabi and Bengali revolutionaries who stepped up the gallows with love the motherland in their hearts and 'Vande-Mataram'and 'Inquilab-Zindabad', in their lips.

Baba Ram Singh believed in absolute truth and the boycott of foreign goods as a means of bolstering self-sufficiency. He was the initiator of Khadi and non-cooperation movement. This was the precursor of Gandhi's similar movement in the 1930's. Unfortunately, no importance has been given to such facts by the most historians. These facts must be made open to the general public.

**Conclusion**

Born of the cradle of a protest, the Kuka movement thrived under pressure and represents a fierce sense of identity. He provided a healing touch to these economically and socially shattered people who had to endure the ravages of outsiders (colonial administration).

The contribution of Baba Ram Singh and Kuka movement is part of the history of renaissance of Sikhs against British. Kukas were able to survive among teeming multitudes even of an unknown and unfamiliar milieu. The Sikh saga of sacrifices has a long history, the true salvation and discipleship for a Sikh is never to give in. Baba Ram Singh preached and lived, unconcerned of dire consequences. It will always be remembered as a gold lettered chapter and the first organized freedom movement against the British.

I am having privilege to write something in honour of this great holy personalityby way of celebrating his two hundredth birth anniversary.

..................................................

# A Saga Of
# Sri Satguru Jagjit Singh Ji



**Dr. Sharada Jayagovind**

III

Disciples worshipped Satguru Jagjit Singh ji as God in human form. In times of distress, they offered prayers to him and were very sure that the Satguru would apply balm on the wounds of life and heal them. Disciples attribute many miracles to this spiritual master, who strengthened their mind and showed them the way to God. With his grace, they could face the tribulations of life and bring meaning into their existence.

This compassionate master healed the sick, saved many from death, brought peace and happiness to broken homes, and freed the young children from evil ways.

The story of Gurdev Kaur, the daughter of Ustad Natha Singh, a close disciple of Satguru Jagjit Singh ji, illustrates the spiritual power of the master, who could save his devotees from the clutches of death.

Gurdev Kaur was unhappy as her marriage was full of discord. When it became unbearable for her, she decided to end her life. Even though she knew it was wrong, she attempted suicide and took poison. When her father learnt about it, he rushed to her house. By then, Gurdev Kaur's pulse had gone down to zero and she was on the threshold of death. It looked as if she would not survive.

A large number of people had gathered at Gurdev Kaur's house. Ustad Natha Singh sent out everyone from the room, closed the door, sat on the floor near his daughter. He knew that at this juncture only Satguru ji could save his daughter. He put her head on his lap and prayed with great devotion to the Satguru. He said:

"Patsha ji, you are our saviour. Please bless her, retrieve her from death."

After a few minutes, Gurdev Kaur opened her eyes and looked at her father.

Relieved and joyous, Natha Singh asked:

"Beti, what happened?"

Gurdev Kaur said:

"Pita ji, my soul came out of my body and it had to walk over a narrow bridge and reach the other side of the river. When I reached the middle of the bridge, Satguru Jagjit Singh ji who was standing at the other end told me, 'Turn and go back.'

I was very scared. I did not know how to turn back.

Satguru ji said, 'Look at me. Sit like me. And turn back.'

I did exactly as His Holiness told me and my soul returned to my body. I opened my eyes and I could see you, father."

Ustad Natha Singh shed tears of joy and offered prayers of gratitude to the Satguru for bringing back his daughter from death.

Another miracle illustrates how Satguru Jagjit Singh ji brought peace and harmony into the life of another devotee. Sulakhan Singh, a Namdhari expatriate based in the UK, recalls that when Satguru ji visited England, one day a young mother with her disabled child approached His Holiness with a request. She was in great pain as her husband had deserted her and gone away to another country. She could not bear the burden of raising the disabled child all by herself and prayed to Satguru ji to help her out of the situation.

Patsha ji advised her to offer special prayers for fifteen days and assured her that all would be well.

Meanwhile, the woman's husband who was living in a foreign country was planning to marry another woman. Just before the wedding day, the bride-to-be asked the man:

"I wish to know if you are already married."

The man was surprised and admitted that he had a family in the UK.

He asked the woman:

"How did you come to know that I was already married? Who told you?"

She replied:

"An old man with flowing white beard came in my dream and revealed your past to me. I cannot marry you. You must go back to your family and take care of them."

The man repented, went back to the U.K and rejoined his family. This happened exactly at the end of the fifteen-day prayer offered by the wife who had sought Satguru ji's guidance.

It is mysterious how Satguru ji could appear in the dream of a woman who had never seen him and help her to perceive the truth. Thus he paved the way for the devotee's broken family to reunite.

Thousands of disciples have experienced the miraculous healing powers of Satguru Jagjit Singh ji in their lives.

Harbhajan Singh Saluja, an ardent disciple of Satguru Jagjit Singh ji, is one such fortunate person. He developed an acute back ache and the ailment was diagnosed as bone cancer.

Doctors advised him to undergo bone marrow transplant, which involves major surgery. With complete faith in the Satguru ji, Saluja ji underwent the operation. After the procedure, he had excruciating pain in the spine.

**To be continued......**

# ਕਾਵਿ-ਕਿਆਰੀ

## ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਫ਼ਤ

**ਕਵੀ ਜੀਵਨ ਸਿੰਘ**

ਸ੍ਰੀ ਸਤਿਗੁਰ ਪ੍ਰਤਾਪ ਸਿੰਘ ਸੀ, ਮੋਦੀ ਨਾਮ ਖ਼ਜ਼ਾਨੇ ਦਾ।
ਉਸ ਰੱਬੀ ਰੂਹ ਦੇ ਦਰਸ਼ਨ ਨੇ, ਮਨ ਮੋਹਿਆ ਕੁੱਲ ਜ਼ਮਾਨੇ ਦਾ।
ਕਦ ਸਰੂ ਸੁਨੱਖੀ ਸੂਰਤ ਸੀ, ਤੇ ਸਰਬ ਗੁਣਾ ਮੇਂ ਪੂਰਤ ਸੀ।
ਉਹ ਇਸ ਮਿੱਟੀ ਦਾ ਪੁਤਲਾ ਨਹੀਂ, ਅਰਸ਼ਾਂ ਤੋਂ ਉੱਤਰੀ ਮੂਰਤ ਸੀ।
ਚਿਹਰੇ ਤੇ ਚਮਕ ਨੂਰਾਨੀ ਸੀ, ਤੇ ਨੇਤਰ ਵੀ ਸੁੱਖ ਸਾਲੀ ਸੀ।
ਉਹ ਜਿਸ ਵੱਲ ਨਿਗਾ ਦੁੜਾਉਂਦਾ ਸੀ, ਵੰਡੀ ਜਾਂਦਾ ਖੁਸ਼ਹਾਲੀ ਸੀ।
ਭਾਉ ਭਗਤੀ ਉਸ ਦਾ ਮਾਰਗ ਸੀ, ਤੇ ਧਰਮ ਕਰਮ ਦਾ ਬਾਨੀ ਸੀ।
ਗੁਣ ਗਾਵਾਂ ਵੱਡ ਪ੍ਰਤਾਪੀ ਦੇ, ਜੋ ਸਰਬ ਸੁਖਾਂ ਦਾ ਦਾਨੀ ਸੀ।

ਸੱਚ ਚਿਤ ਅਨੰਦ ਰਿਦਾ ਜਿਸਦਾ, ਸੱਚ ਸੁੱਚਾ ਉੱਜਲ ਬਾਣਾ ਸੀ।
ਨਿਤ ਪੀਂਦਾ ਪ੍ਰੇਮ ਪਿਆਲਾ ਸੀ, ਤੇ ਰਾਗ ਨਿਆਮਤ ਖਾਣਾ ਸੀ।
ਸੀ ਰਾਹੀ ਸੱਚੇ ਮਾਰਗ ਦਾ, ਭੁੱਲਿਆਂ ਨੂੰ ਰਾਹੇ ਪਾਉਂਦਾ ਸੀ।
ਉਹ ਨਾਮ ਦਾਨ ਦੇ ਜੀਵਾਂ ਨੂੰ, ਵਿੱਛੜੇ ਹੋਏ ਰੂਹ ਮਿਲਾਉਂਦਾ ਸੀ।
ਉਹਦੀ ਸਿਫ਼ਤ ਸੁਗੰਧੀ ਚੰਦਨ ਜਿਉਂ, ਜਿਧਰ ਵੀ ਮਹਿਕ ਖਿਡਾਉਂਦੀ ਸੀ।
ਉਹ ਕਲਪ ਬਿਰਛ ਤੇ ਕਾਮਧੇਨ ਜਿਉਂ, ਸਭ ਦੀ ਆਸ ਪੁਜਾਉਂਦੀ ਸੀ।
ਸਾਬਤ ਸੂਰਤ ਦਸਤਾਰ ਸਿਰੇ, ਗਲ ਮਾਲਾ ਰੋਅਬ ਲਾਸਾਨੀ ਸੀ।
ਗੁਣ ਗਾਵਾਂ ਵੱਡ ਪ੍ਰਤਾਪੀ ਦੇ, ਜੋ ਸਰਬ ਸੁਖਾਂ ਦਾ ਦਾਨੀ ਸੀ।

ਜਦ ਅੰਮ੍ਰਿਤ ਵੇਲੇ ਅੰਮ੍ਰਿਤਮਈ, ਆਸਾ ਦੀ ਵਾਰ ਲਗਾਉਂਦਾ ਸੀ।
ਅੰਬਰ ਤੇ ਗੂੰਜਾਂ ਗੂੰਜਦੀਆਂ, ਬ੍ਰਹਮੰਡ ਮਸਤ ਹੋ ਜਾਂਦਾ ਸੀ।
ਤਾਂ ਲਛਮੀ ਚਰਨੀ ਝੁੱਕਦੀ ਸੀ, ਵਿਸ਼ਨੂੰ ਵੀ ਚੌਰ ਝੁਲਾਉਂਦਾ ਸੀ।
ਉਸ ਵੇਲੇ ਚਰਨੀਂ ਲੱਗਿਆ ਦੇ, ਉਹ ਬੇੜੇ ਪਾਰ ਲਗਾਉਂਦਾ ਸੀ।
ਜੋ ਭੂਤ ਭਵਿੱਖ ਅਤੇ ਵਰਤਮਾਨ, ਮਾਲਕ ਸੀ ਤਿੰਨਾਂ ਕਾਲਾਂ ਦਾ।
ਸੁਪਨੇ ਦੇ ਵਿੱਚ ਭੁਗਤਾ ਦੇਵੇ, ਫਲ ਕਰਮਾਂ ਸਦੀਆਂ ਸਾਲਾਂ ਦਾ।
ਜੋ ਆਏ ਦੀਨਾਂ ਦੁਖੀਆਂ ਦੀ, ਹਰ ਮੁਸ਼ਕਿਲ ਕਰੇ ਅਸਾਨੀ ਸੀ।
ਗੁਣ ਗਾਵਾਂ ਵੱਡ ਪ੍ਰਤਾਪੀ ਦੇ, ਜੋ ਸਰਬ ਸੁਖਾਂ ਦਾ ਦਾਨੀ ਸੀ।

ਮੈਂ ਜਾਚਕ ਉਸ ਦੇ ਦਰ ਦਾਂ ਹਾਂ, ਮਿਲਦੀ ਹਰਦਮ ਹਰ ਵੱਥ ਰਹੇ।
ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ, ਮੇਰੇ ਸਿਰ ਤੇ ਹੱਥ ਰਹੇ।
ਇਨ੍ਹਾਂ ਦੇ ਚਰਨਾਂ ਕਵਲਾਂ ਨਾਲ, ਭੌਰੇ ਜਿਉਂ ਸੁਰਤੀ ਬਝ ਜਾਵੇ।
ਲੈ ਪੂੰਜੀ ਸਿਦਕ ਭਰੋਸੇ ਦੀ, ਮਨ ਸ਼ਾਂਤ ਰਹੇ ਤੇ ਰੱਜ਼ ਜਾਵੇ।
ਸਦ ਜਗਮਗ ਜੀਵਨ ਜੋਤ ਰਹੇ, ਅਗਿਆਨ ਅੰਧੇਰ ਬਿਨਾਸ ਹੋਵੇ।

ਹਉਮੈਂ ਤੇ ਮਲ ਵਕਸ਼ੇਪ ਹਰੇ, ਗੁਰ ਮੰਤਰ ਦਾ ਪ੍ਰਕਾਸ਼ ਹੋਵੇ।
ਸਤਿਗੁਰ ਦੇ ਪ੍ਰਉਪਕਾਰਾਂ ਦਾ, ਨਾਂ ਦੁਨੀਆਂ ਵਿੱਚ ਕੋਈ ਸਾਨੀ ਸੀ।
ਗੁਣ ਗਾਵਾਂ ਵੱਡ ਪ੍ਰਤਾਪੀ ਦੇ, ਜੋ ਸਰਬ ਸੁਖਾਂ ਦਾ ਦਾਨੀ ਸੀ।

---

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੋਭਾ

ਸੁਖ ਸਾਗਰ ਦੁੱਖ ਹਰਤਾ, ਜੀਵਨ ਕੌਰ ਦੀ ਅੱਖ ਦਾ ਤਾਰਾ।
ਕਾਵਾਂ ਤੋਂ ਹੰਸ ਕਰੇ, ਉਸਦੇ ਦਰਸ਼ਨ ਦਾ ਚਮਕਾਰਾ।
ਆਧ ਬਿਆਧ ਉਪਾਦ ਹਰੇ, ਤੀਨੇ ਤਾਪ ਦੀ ਕਰਦਾ ਕਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਜਿਸਨੇ ਅਵਤਾਰ ਸਮੇਂ, ਦੁਖੜੇ ਸਭ ਸੰਗਤਾਂ ਦੇ ਹਰਤੇ।
ਜੂਹ ਭੈਣੀ ਸਾਹਿਬ ਵਿੱਚੋਂ, ਪਹਿਰੇ ਦੂਰ ਮਲੇਛੀ ਕਰਤੇ।
ਬੰਧਨ ਕਾਟਨ ਹਾਰ ਪ੍ਰਭੂ, ਸਭੇ ਕੂਕ ਉਠੇ ਨਾਮਧਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਕਲੂ ਕਾਲ ਦੇ ਸੰਕਟ ਚੋਂ, ਜਿਸ ਨੇ ਕੂਕਾ ਪੰਥ ਬਚਾਇਆ।
ਕਰ ਦੌਰੇ ਦੁਨੀਆਂ ਦੇ, ਸੀ ਸਤਨਾਮ ਦਾ ਚੱਕਰ ਫਿਰਾਇਆ।
ਇਓਂ ਗੋਰੇ ਜ਼ਾਲਮ ਦੀ, ਕੀਤੀ ਦੂਰ ਗੁਲਾਮੀ ਸਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਪਾਵਨ ਗੁਰਬਾਣੀ ਦੇ, ਲੱਖਾਂ ਪਾਠ ਅਖੰਡ ਕਰਾਏ।
ਠੱਗ ਚੋਰ ਯਾਰ ਪਾਪੀ, ਦੇ ਗੁਰਮੰਤਰ ਸੰਤ ਬਣਾਏ।
ਕੱਢ ਜੂਨ ਚੁਰਾਸੀ ਚੋਂ, ਕੀਤੇ ਦੇਵ ਰੂਪ ਨਰ ਨਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਜਿਸ ਦੇ ਮਨ ਮੰਦਰ ਮੇਂ, ਹੈਸੀ ਬ੍ਰਹਮ ਗਿਆਨ ਉਜਾਰਾ।
ਸੁਖ ਪਿਆਰ ਅਮਨ ਸ਼ਾਂਤੀ, ਜਿਸਦੀ ਰਸਨਾ ਦਾ ਸੀ ਨਾਅਰਾ।
ਕਾਨਫਰੰਸਾਂ ਅਮਨ ਸੰਮੇਲਨ, ਭੈਣੀ ਸਾਹਿਬ ਕਰੇ ਕਈ ਵਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਵੱਡੇ ਹੈਂਕੜਬਾਜ਼ਾਂ ਦੀ, ਜਿਸ ਪਰਵਾਹ ਕਦੇ ਨਾ ਕੀਤੀ।
ਦੇਵੇ ਮਾਣ ਨਿਮਾਣੇ ਨੂੰ, ਜਿਸਦੀ ਆਦਿ ਕਾਲ ਤੋਂ ਰੀਤੀ।
ਤਜਕੇ ਦੁਰਯੋਧਨ ਨੂੰ, ਬਿਰਧ ਦੇ ਪਹੁੰਚੇ ਕ੍ਰਿਸ਼ਨ ਮੁਰਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਨਾਭੇ ਦਾ ਰਾਜਾ ਸੀ ਖਾਲੀ ਚੱਲਿਆ ਅਫਲ ਜਹਾਨੋਂ।
ਪੁੱਤਰ ਦੀ ਦਾਤ ਦਿੱਤੀ, ਉਸ ਨੂੰ ਕਰਕੇ ਬਚਨ ਜ਼ੁਬਾਨੋਂ।
ਇਹ ਹਾਮੀ ਭਰਦੀ ਹੈ, ਵੱਸਦੀ ਬੀੜ ਨਾਭੇ ਦੀ ਸਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਸਰਸੇ ਦੀ ਧਰਤੀ ਸੀ, ਬੰਜਰ ਪਾਣੀ ਫਸਲੋਂ ਖਾਲੀ।
ਚਰਨਾਂ ਦੀ ਛੋਹ ਦੇ ਕੇ, ਉਸਦੀ ਕਰਤੀ ਦੂਰ ਕੰਗਾਲੀ।
ਜਿਸ ਦਿਨ ਤੋਂ ਜਾ ਕੀਤੀ, ਜੀਵਨ ਨਗਰ ਦੀ ਆਪ ਉਸਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਮਿਰਗ ਤ੍ਰਿਸ਼ਨਾ ਮਰਦੇ ਸੀ, ਮਾਰੂਥਲ ਦੀਆਂ ਤੱਕ ਤੱਕ ਲਹਿਰਾਂ।
ਕੱਢ ਸੋਮੇ ਬੋਰ ਕਰੇ, ਖੇਤੀ ਫਸਲਾਂ ਚਲਦੀਆਂ ਨਹਿਰਾਂ।
ਜਿਓਂ ਰਿਖੀ ਭਗੀਰਥ ਨੇ, ਗੰਗਾ ਪਰਬਤ ਵਿੱਚੋਂ ਨਿਕਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਇਸੇ ਹੀ ਧਰਤੀ ਤੇ, ਕੰਗਲੇ ਕਈ ਸੁਦਾਮੇ ਤਾਰੇ।
ਨਿਰਧਨ ਧਨਵਾਨ ਕਰੇ, ਕੁਲੀਆਂ ਵਾਲੇ ਮਹਿਲ ਉਸਾਰੇ।
ਨੰਗੇ ਪੈਰੀਂ ਫਿਰਨ ਵਾਲੇ, ਕਰਦੇ ਕਾਰਾਂ ਦੀ ਅਸਵਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

ਇਹ ਜੀਵਨ ਸਾਗਰ ਚੋਂ, ਪਾਣੀ ਬੂੰਦ ਜਿਵੇਂ ਦਰਸਾਇਆ
ਚੰਨ ਸੂਰਜ ਕਿਰਨਾਂ ਜਿਉਂ, ਕੁਸਮ ਬਸੰਤ ਨਾ ਜਾਏ ਗਿਣਾਇਆ।
ਮਹਿਮਾਂ ਹੈ ਸਤਿਗੁਰ ਦੀ, ਇਸ ਤੋਂ ਵਧ ਕੇ ਅਪਰ ਅਪਾਰੀ।
ਸਤਿਗੁਰ ਪ੍ਰਤਾਪ ਹਰੀ, ਪੂਰਨ ਪੁਰਖ ਸੀ ਪਰਉਪਕਾਰੀ।

**ਕਵੀ ਜੀਵਨ ਸਿੰਘ**

# ਸੁੱਚੇ – ਮੋਤੀ

## ਖ਼ੁਸ਼ਹਾਲੀ ਦੀ ਪ੍ਰੀਖਿਆ

ਖ਼ੁਸ਼ਹਾਲੀ ਤੋਂ ਭਾਵ ਮਾਲੀ ਅਮੀਰੀ ਦਾ ਨਹੀਂ, ਦਿਮਾਗੀ ਤੇ ਜਿਸਮਾਨੀ ਸਿਹਤ ਤੇ ਖੇੜੇ ਦਾ ਹੈ।

ਕਾਫ਼ੀ ਸਮਾਂ ਹੋਇਆ, ਸੰਯੁਕਤ ਰਾਜ ਅਮੀਕਾ ਦੀ ਕਾਰਨੈਲ ਯੂਨੀਵਰਸਿਟੀ ਨੇ ਐਸੇ ਗਿਆਰਾਂ ਸਵਾਲ ਤਿਆਰ ਕੀਤੇ ਸਨ, ਜਿਹੜੇ ਹਰ ਕਿਸੇ ਨੂੰ ਉਹਦੀ ਆਪਣੀ ਖ਼ੁਸ਼ਹਾਲੀ ਢੂਡਣ ਵਿਚ ਸਹਾਇਤਾ ਕਰ ਸਕਦੇ ਹਨ। ਇਹਨਾਂ ਸਵਾਲਾਂ ਦੇ ਜਵਾਬਾਂ ਤੋਂ ਹਰ ਕੋਈ ਆਪਣੀ ਖ਼ੁਸ਼ਹਾਲੀ ਦੀ ਜਾਂਚ ਕਰ ਸਕਦਾ ਹੈ। ਜਿਹੜਾ ਕੋਈ ਹਰ ਸਵਾਲ ਦਾ ਜਵਾਬ ਹਾਂ ਵਿਚ ਦੇ ਸਕਦਾ ਹੈ, ਉਹ ਆਪਣੀ ਪਿਠ ਉੱਤੇ ਥਾਪੀ ਦੇ ਲਵੇ। ਬਹੁਤਿਆਂ ਦੇ ਨੰਬਰ ਸੌ ਨਾਲੋਂ ਕਾਫ਼ੀ ਘੱਟ ਆਉਣਗੇ, ਪਰ ਉਹਨਾਂ ਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਲਗ ਜਾਏਗਾ।

ਉਹ ਗਿਆਰਾਂ ਸਵਾਲ ਇਹ ਹਨ :

1. ਕੀ ਤੁਸੀਂ ਰੋਜ਼ਾਨਾ ਅੱਠ ਘੰਟੇ, ਬਿਨਾਂ ਬਹੁਤ ਥਕੇਵੇਂ, ਚਿੰਤਾ ਤੇ ਭਾਰ ਘਟਣ ਦੇ, ਚਾਅ ਨਾਲ ਆਪਣਾ ਕੰਮ ਕਰ ਸਕਦੇ ਹੋ। ਕੀ ਤੁਹਾਨੂੰ। ਸਾਧਾਰਨਤਾਂ ਨਾਲ ਹੀ ਤਸੱਲੀ ਪ੍ਰਾਪਤ ਹੋ ਜਾਂਦੀ ਹੈ, ਜਾਂ ਤੱਸਲੀ ਦੀ ਪ੍ਰਾਪਤੀ ਲਈ ਕਿਸੇ 'ਅਤ' ਦੀ ਲੋੜ ਮਹਿਸੂਸ ਹੁੰਦੀ ਹੈ।

2. ਕੀ ਤੁਸੀਂ ਚੰਗੀ ਰਲਵੀਂ ਮਿਲਵੀਂ ਖ਼ਰਾਕ, ਬਿਨਾਂ ਬਦਹਜ਼ਮੀ ਦੀ ਚਿੰਤਾ ਦੇ, ਸੁਆਦ ਨਾਲ ਖਾ ਸਕਦੇ ਹੋ ?

3. ਕੀ ਤੁਸੀਂ ਰਾਤ ਨੂੰ ਅੱਠ ਜਾਂ ਜ਼ਿਆਦਾ ਘੰਟੇ ਗੂੜੀ ਨੀਂਦਰੇ ਸੌਂ ਸਕਦੇ ਹੋ ?

4. ਕੀ ਤੁਸੀਂ ਰੋਜ਼ਾਨਾ ਇਕ ਘੰਟਾ ਜਾਂ ਹਫ਼ਤੇ ਵਿਚ ਛੇ ਤੋਂ ਨੌਂ ਘੰਟੇ ਚੰਗੀ ਸਖ਼ਤ ਸਰੀਰਕ ਵਰਜ਼ਿਸ਼ ਵਿਚ, ਬਿਨਾਂ ਥਕੇਵੇਂ ਜਾਂ ਅੱਕੇ, ਸਆਦ ਲੈ ਸਕਦੇ ਹੋ ?

5. ਕੀ ਤੁਸੀਂ ਘੱਟ ਤੋਂ ਘੱਟ ਇਕ ਘੰਟੇ ਲਈ ਰੋਜ਼ਾਨਾ ਦੂਜਿਆਂ ਦਾ ਭਾਈਚਾਰਾ, ਬਿਨਾਂ ਅਕੇਵੇਂ ਤੇ ਛਿਥਿਆਂ ਪੈਣ ਦੇ, ਬਰਦਾਸ਼ਤ ਕਰ ਸਕਦੇ ਹੋ ?

6. ਕੀ ਤੁਸੀਂ ਖੁੱਲੀ ਤਰਾਂ ਇਕਬਾਲ ਕਰ ਸਕਦੇ ਹੋ, ਕਿ ਤੁਹਾਡੇ ਵਿੱਚ ਵੀ ਲਿੰਗ-ਖ਼ਾਹਿਸ਼ ਹੈ ਜੀਕਰ ਹੋਰਨਾਂ ਵਿਚ, ਜਾਂ ਤੁਸੀਂ ਇਹ ਤਾਂ ਨਹੀਂ ਕਹਿੰਦੇ ਕਿ ਚੂੰਕਿ ਇਹ ਖ਼ਾਹਿਸ਼ ਕੁਦਰਤੀ ਤੇ ਸਰਬ-ਵਿਆਪੀ ਹੈ, ਇਸ ਲਈ ਚੇਤੰਨ ਜ਼ਬਤ ਵਿਚ ਨਹੀਂ ਲਿਆਂਦੀ ਜਾ ਸਕਦੀ ?

7. ਕੀ ਤੁਸੀਂ ਘੱਟ ਤੋਂ ਘੱਟ ਦੋ ਘੰਟੇ ਲਈ ਰੋਜ਼ਾਨਾ ਕਲਾ, ਸਾਹਿਤ, ਸੰਗੀਤ, ਨਾਟਕ ਜਾਂ ਕਿਸੇ ਹੋਰ ਸ਼ੁਗਲ ਦਾ, ਅੱਖਾਂ ਵਿਚ ਪੀੜ ਤੇ ਦਿਮਾਗ਼ ਵਿਚ ਥਕੇਵਾਂ ਮਹਿਸੂਸ ਕੀਤੇ ਬਿਨਾਂ, ਸੁਆਦ ਲੈ ਸਕਦੇ ਹੋ ?

8. ਕੀ ਆਮ ਤੌਰ 'ਤੇ ਤੁਸੀਂ ਸ਼ਵੈ-ਵਿਸ਼ਵਾਸੀ, ਉਤਸ਼ਾਹ ਭਰਪੂਰ, ਤੇ ਗੈਰ-ਜ਼ਰੂਰੀ ਡਰਾਂ ਤੋਂ ਸੁਤੰਤਰ ਰਹਿੰਦੇ ਹੋ, ਤੇ ਕਾਮਯਾਬੀ ਦੀ ਆਸ ਰਖਦੇ ਹੋ ?

9: ਕੀ ਤੁਹਾਡੀਆਂ ਦਿਲਚਸਪੀਆਂ ਆਪਣੀਆਂ ਮਾੜੀਆਂ ਮੋਟੀਆਂ ਤਕਲੀਫ਼ਾਂ ਤੇ ਗ਼ਰਜ਼ਾਂ ਤੱਕ ਸੀਮਿਤ ਰਹਿੰਦੀਆਂ ਹਨ, ਜਾਂ ਤੁਸੀਂ ਆਪਣੇ ਦੁਆਲੇ ਦੀ ਦੁਨੀਆ ਦੇ ਕੰਮਾਂ ਵਿਚ ਵੀ ਦਿਲਚਸਪੀ ਰੱਖਦੇ ਹੋ ?

10. ਕੀ ਜਿਸਮਾਨੀ ਤੌਰ 'ਤੇ ਤੁਸੀਂ ਨਰਮ ਹੋ ਜਾਂ 'ਸਖ਼ਤ। ਕੀ ਤੁਸੀਂ ਪ੍ਰਸੰਸਾ ਤੇ ਹਮਦਰਦੀ ਦੇ ਭੁੱਖੇ ਰਹਿੰਦੇ ਹੋ। ਕੀ ਤੁਸੀਂ ਆਪਣੀਆਂ ਮੁਸ਼ਕਲਾਂ ਨੂੰ ਵਧਾ ਕੇ ਦੱਸਣ ਦੇ ਆਦੀ ਹੋ ?

11. ਕੀ ਤੁਸੀਂ ਆਪਣੀਆਂ ਗਲਤੀਆਂ ਦਾ ਇਕਬਾਲ ਛੇਤੀ ਨਾਲ ਕਰ ਲੈਂਦੇ ਹੋ। ਕੀ ਤੁਸੀਂ ਦੂਜਿਆਂ ਨੂੰ ਕਸੂਰਵਾਰ ਠਹਿਰਾਣ ਲਈ ਕਾਹਲੇ ਤਾਂ ਨਹੀਂ ਪੈਂਦੇ ?

.................................................

# ਬੱਚਿਆਂ ਦਾ ਪੰਨਾ

## ਪ੍ਰੇਮਾ ਕੋੜ੍ਹੀ

ਪਿੰਡ ਖਾਰੀ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਇਕ ਪ੍ਰੇਮਾ ਨਾਂ ਦਾ ਅਨਾਥ ਬੱਚਾ ਸੀ। ਅਨਾਥ ਹੋਣ ਕਰਕੇ ਭੈੜੀ ਸੰਗਤ ਵਿਚ ਪੈ ਗਿਆ। ਉਸ ਨੇ ਕਈ ਪ੍ਰਕਾਰ ਦੇ ਅਯੋਗ ਕੰਮ ਕੀਤੇ ਤੇ ਉਸ ਨੂੰ ਕੋੜ੍ਹ ਹੋ ਗਿਆ। ਕੋੜ੍ਹ ਹੋਣ ਕਰਕੇ ਉਸ ਦੇ ਯਾਰਾਂ, ਦੋਸਤਾਂ ਨੇ ਉਸ ਨੂੰ ਛੇਕ ਦਿੱਤਾ। ਵਿਚਾਰਾ ਭੁੱਖਾ ਮਰਨ ਲੱਗਾ। ਉਸਨੂੰ ਛੂਹਣ ਤੋਂ ਵੀ ਹਰ ਕੋਈ ਡਰਦਾ ਸੀ। ਇਸ ਲਈ ਜੇ ਕਿਸੇ ਨੂੰ ਤਰਸ ਵੀ ਆਉਂਦਾ ਤਾਂ ਰੋਟੀ ਦੂਰੋਂ ਹੀ ਸੁੱਟ ਜਾਂਦਾ। ਇਕ ਵਾਰ ਇਕ ਸਖੀ ਦਿਲ ਵਿਅਕਤੀ ਨੂੰ ਉਸ ਤੇ ਦਇਆ ਆਈ ਅਤੇ ਉਸ ਨੇ ਉਹਦੇ ਗਲ ਵਿਚ ਇਕ ਮਿੱਟੀ ਦੀ ਟਿੰਡ ਲਟਕਾ ਦਿੱਤੀ। ਹੁਣ ਲੋਕ ਉਸਦੀ ਟਿੰਡ ਵਿਚ ਰੋਟੀ ਪਾ ਦਿੰਦੇ। ਇਸ ਤਰ੍ਹਾਂ ਸਮਾਂ ਬਤੀਤ ਹੁੰਦਾ ਗਿਆ। ਇਕ ਦਿਨ ਉਸ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਹ ਬੜੀ ਮੁਸ਼ਕਲ ਨਾਲ ਤੁਰਦਾ ਹੋਇਆ ਗੋਇੰਦਵਾਲ ਪੁੱਜਾ। ਉਥੇ ਉਸ ਨੂੰ ਸਮੇਂ ਸਿਰ ਲੰਗਰ ਵਿਚੋਂ ਪ੍ਰਸ਼ਾਦਾ ਮਿਲਦਾ ਅਤੇ ਕੀਰਤਨ ਵੀ ਸੁਣਦਾ ਰਹਿੰਦਾ। ਫਿਰ ਦਿਨ ਵੇਲੇ ਬਾਉਲੀ ਸਾਹਿਬ ਦੇ ਪਾਸ ਜਾ ਕੇ ਬੈਠ ਜਾਂਦਾ ਅਤੇ ਟਿੰਡ ਵਜਾ ਕੇ ਪਾਠ ਕਰਦਾ ਰਹਿੰਦਾ। ਬਾਉਲੀ ਦੇ ਦਰਸ਼ਨਾਂ ਨੂੰ ਆਈ ਸੰਗਤ ਦੇ ਪੈਰਾਂ ਦੀ ਧੂੜ ਮੱਥੇ ਨਾਲ ਲਾਉਂਦਾ ਅਤੇ ਉਸ ਨੂੰ ਹੀ ਜ਼ਖ਼ਮਾਂ 'ਤੇ ਵੀ ਲਾਉਂਦਾ।

ਇਕ ਦਿਨ ਇਕ ਸਿੱਖ ਨੇ ਗੁਰੂ ਜੀ ਨੂੰ ਪ੍ਰੇਮੇ ਕੋੜ੍ਹੀ ਬਾਰੇ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਉਸੇ ਵੇਲੇ ਇਕ ਸਿੱਖ ਨੂੰ ਭੇਜ ਕੇ ਪ੍ਰੇਮੇ ਕੋੜ੍ਹੀ ਨੂੰ ਉਥੇ ਬੁਲਾਇਆ, ਜਿਥੇ ਗੁਰੂ ਜੀ ਰੋਜ਼ ਆਪ ਇਸ਼ਨਾਨ ਕਰਿਆ ਕਰਦੇ ਸਨ। ਫੱਟੀ ਉੱਤੇ ਬਿਠਾ ਕੇ ਗੁਰੂ ਜੀ ਨੇ ਆਪਣੇ ਹੱਥੀਂ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਸੁੰਦਰ ਕੱਪੜੇ ਪਵਾਏ। ਪ੍ਰੇਮੇ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਇਕ ਤੰਦਰੁਸਤ ਸੁੰਦਰ, ਛਬੀਲਾ ਨੌਜਵਾਨ ਬਣ ਗਿਆ। ਸਾਰੇ ਉਸ ਦੇ ਨਵੇਂ ਰੂਪ ਨੂੰ ਵੇਖ ਵੇਖ ਖੁਸ਼ ਹੋ ਰਹੇ ਸਨ। ਗੁਰੂ ਜੀ ਨੇ ਕਿਹਾ, "ਇਹ ਪ੍ਰੇਮਾ ਅੱਜ ਤੋਂ ਮੇਰਾ ਮੁਰਾਰੀ ਪੁੱਤਰ ਹੈ। ਪ੍ਰੇਮਾ ਕਾਇਆ ਪਲਟ ਕੇ ਮੁਰਾਰੀ ਹੋਇਆ ਹੈ। ਹੁਣ ਇਸ ਵਿਚ ਕੋਈ ਐਬ ਨਹੀਂ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਕੋਈ ਰੋਗ ਹੈ।" ਗੁਰੂ ਜੀ ਨੇ ਸੰਗਤ ਨੂੰ ਸੁਣਾ ਕੇ ਕਿਹਾ ਕਿ "ਸੰਗਤ ਵਿਚ ਕੋਈ ਐਸਾ ਸਿੱਖ ਹੈ ਜੋ ਮੇਰੇ ਪੁੱਤਰ ਵਾਸਤੇ ਧੀ ਦਾ ਰਿਸ਼ਤਾ ਕਰੇ।" ਉਥੇ ਉਸ ਵੇਲੇ ਗੁਰੂ ਘਰ ਦਾ ਇਕ ਪੁਰਾਣਾ ਸਿੱਖ ਸ਼ੀਹਾਂ ਬੈਠਾ ਸੀ। ਉਸਨੇ ਉੱਠ ਕੇ ਕਿਹਾ, "ਮਹਾਰਾਜ ਮੈਨੂੰ ਆਪਣੀ ਧੀ ਮੱਥਰੋ ਵਾਸਤੇ ਮੁਰਾਰੀ ਦਾ ਰਿਸ਼ਤਾ ਪ੍ਰਵਾਨ ਹੈ।" ਜਦ ਸ਼ੀਹਾਂ ਇਹ ਕੁਝ ਕਹਿ ਹੀ ਰਿਹਾ ਸੀ ਤਾਂ ਸ਼ੀਹੇਂ ਦੀ ਘਰ ਵਾਲੀ ਜਿਹੜੀ ਉਸ ਸਮੇਂ ਲੰਗਰ ਵਿਚ ਪ੍ਰਸ਼ਾਦੇ ਪਕਾ ਰਹੀ ਸੀ ਉੱਠ ਕੇ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਈ। ਉਹ ਕਹਿਣ ਲੱਗੀ, "ਮਹਾਰਾਜ ਸ਼ੀਹੇਂ ਦਾ ਤਾਂ ਦਿਮਾਗ਼ ਟਿਕਾਣੇ ਨਹੀਂ, ਮੈਨੂੰ ਇਹ ਰਿਸ਼ਤਾ ਬਿਲਕੁਲ ਪ੍ਰਵਾਨ ਨਹੀਂ। ਕੀ ਪਤਾ ਇਹ ਮੁੰਡਾ ਕਿਸ ਕੁੱਲ, ਕਿਸ ਜਾਤ, ਕਿਸ ਬਰਾਦਰੀ ਦਾ ਹੈ, ਮੈਂ ਆਪਣੀ ਧੀ ਦਾ ਜਨਮ ਭ੍ਰਿਸ਼ਟ ਕਰਨਾ ਹੈ?" ਗੁਰੂ ਜੀ ਨੇ ਕਿਹਾ, "ਇਹ ਮੇਰਾ ਪੁੱਤਰ ਹੈ ਅਤੇ ਇਹ ਮੇਰੇ ਹੀ ਖਾਨਦਾਨ ਵਿਚੋਂ ਹੈ। ਇਹ ਮੱਥਰੋ ਮੁਰਾਰੀ ਦੀ ਜੋੜੀ ਧੁਰੋਂ ਹੀ ਲਿਖੀ ਆਈ ਹੈ, ਇਸ ਲਈ ਤੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਅਸੀਂ ਆਪਣੇ ਪੁੱਤਰ ਦਾ ਵਿਆਹ ਆਪ ਕਰਾਂਗੇ।"

ਸ਼ੀਹੇਂ ਦੀ ਘਰ ਵਾਲੀ ਨੂੰ ਸਮਝ ਪੈ ਗਈ। ਗੁਰੂ ਜੀ ਅੱਗੇ ਮੱਥਾ ਟੇਕ ਕੇ ਅਤੇ ਧੰਨ ਮਹਾਰਾਜ ਜਿਵੇਂ ਤੁਹਾਡੀ ਮਰਜ਼ੀ ਕਹਿਕੇ ਚਲੀ ਗਈ।

ਬਾਅਦ ਵਿਚ ਮੱਥਰੋ ਮੁਰਾਰੀ ਦਾ ਵਿਆਹ ਹੋ ਗਿਆ ਦੋਹਾਂ ਨੂੰ ਗੁਰੂ ਘਰ ਦਾ ਪ੍ਰਚਾਰਕ ਥਾਪਿਆ ਗਿਆ ਅਤੇ ਬਾਈ ਮੰਜੀਆਂ ਵਿੱਚੋਂ ਇਕ ਮੰਜੀ ਦੀ ਬਖਸ਼ਿਸ ਕੀਤੀ।

..................................................

# ਖ਼ਬਰਨਾਮਾ

27 ਜੂਨ 2022

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਗੜ੍ਹਦੀਵਾਲ ਵਿਖੇ ਦਰਸ਼ਨ

ਪੰਜਾਬ ਰਾਜ ਦੇ ਜਿਲ੍ਹਾਂ ਹੁਸ਼ਿਆਰਪੁਰ ਦਾ ਇੱਕ ਛੋਟਾ ਜਿਹਾ ਕਸਬਾ ਹੈ ਗੜ੍ਹਦੀਵਾਲ, ਜਿਸ ਦਾ ਨਾਮ ਨਾਮਧਾਰੀ ਇਤਿਹਾਸ ਦੇ ਪੰਨਿਆਂ ਵਿੱਚ ਵਿਸ਼ੇਸ ਸਥਾਨ ਰੱਖਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਮਹਾਨ ਤਪੱਸਵੀ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਦਾ ਤਪ ਅਸਥਾਨ ਹੋਣ ਦਾ ਵੀ ਮਾਨ ਹਾਸਲ ਹੈ। ਗੜ੍ਹਦੀਵਾਲ ਦੇ ਇਸ ਨਾਮਧਾਰੀ ਡੇਰੇ ਨੂੰ। ਸੰਤ ਹਰਨਾਮ ਸਿੰਘ ਨਾਮਧਾਰੀ ਦਾ ਡੇਰਾ ਇਸ ਇਲਾਕੇ ਵਿੱਚ ਕਿਸੇ ਵੀ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਗੜ੍ਹਦੀਵਾਲ ਦੇ ਇਸ ਨਾਮਧਾਰੀ ਡੇਰੇ ਦੀ ਧਰਤੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਹੀ ਸਮਾਂ ਕੱਢ ਕੇ ਗੜ੍ਹਦੀਵਾਲ ਦੇ ਇਸ ਨਾਮਧਾਰੀ ਡੇਰੇ ਨੂੰ ਨਿਵਾਜ਼ਦੇ ਰਹੇ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਾਲ ਅਵਸਥਾ ਦਾ ਕੁਝ ਸਮਾਂ ਵੀ ਇਸ ਗੜ੍ਹਦੀਵਾਲ ਦੇ ਨਾਮਧਾਰੀ ਡੇਰੇ ਵਿਚ ਗੁਜਰਿਆ। ਇਸ ਕਰਕੇ ਇਸ ਧਰਤੀ ਦੀ ਮਹਾਨਤਾ ਹੋਰ ਵੀ ਵਧ ਗਈ। ਨਾਮਧਾਰੀ ਪੰਥ ਦੇ ਵਰਤਮਾਨ ਰਹਿਨੁਮਾ ਅਤੇ ਗੱਦੀਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆ ਦੀ ਵਰੋਸਾਈ ਹੋਈ ਧਰਤੀ ਨੂੰ ਵਿਸ਼ੇਸ਼ ਮਾਣ ਬਖ਼ਸ਼ਦੇ ਹਨ।

**27 ਜੂਨ 2022 ਦਿਨ ਸੋਮਵਾਰ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਹਰੀ ਮੰਦਰ ਵਿਖੇ ਹੋਇਆ ਤਾਂ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਗੜ੍ਹਦੀਵਾਲ ਵਿਖੇ ਸੰਤ ਹਰਨਾਮ ਸਿੰਘ ਗੜ੍ਹਦੀਵਾਲ ਦੀ ਯਾਦ ਵਿੱਚ ਮਨਾਏ ਜਾ ਰਹੇ ਮੇਲੇ ਵਿੱਚ ਦਰਸ਼ਣ ਦੇਣ ਲਈ ਚਾਲੇ ਪਾਏ। ਵਾਇਆ ਜਲੰਧਰ, ਦਸੂਹਾ ਹੁੰਦੇ ਹੋਏ ਸਵੇਰੇ 8 ਵਜੇ ਦੇ ਕਰੀਬ ਨਾਮਧਾਰੀ ਡੇਰਾ ਗੜ੍ਹਦੀਵਾਲ ਵਿਖੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਸਾਧ ਸੰਗਤ ਨੇ ਆਦਰ ਅਤੇ ਸਤਿਕਾਰ ਸਹਿਤ ਕਤਾਰਾਂ ਵਿੱਚ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਇਲਾਕੇ ਦੀ ਸਾਧ ਸੰਗਤ ਹੁਮ-ਹੁਮਾਂ ਕੇ ਇਸ ਸਮਾਗਮ ਵਿੱਚ ਹਾਜਰ ਸੀ। ਗੜ੍ਹਦੀਵਾਲ ਦੇ ਡੇਰੇ ਵਿਖੇ ਜ. ਬਲਬੀਰ ਸਿੰਘ ਸ੍ਰੀ ਭੈਣੀ ਸਾਹਿਬ ਦੀ ਅਗਵਾਈ ਵਿੱਚ ਹਾਜਰ ਸੀ। ਗੜ੍ਹਦੀਵਾਲ ਦੇ ਡੇਰੇ ਵਿਖੇ ਜ. ਬਲਬੀਰ ਸਿੰਘ ਸ੍ਰੀ ਭੈਣੀ ਸਾਹਿਬ ਦੀ ਅਗਵਾਈ ਵਿੱਚ ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਜਾਰੀ ਸੀ। ਡੇਰੇ ਵਿੱਚ ਲਗਾਤਾਰ 2 ਮਹੀਨੇ ਤੋਂ ਰੌਣਕ ਬਣੀ ਹੋਈ ਸੀ। ਇਲਾਕੇ ਦੀ ਸਾਧ ਸੰਗਤ ਲਈ ਇਹ ਖੁਸ਼ੀਆਂ ਭਰਿਆ ਅਵਸਰ ਸੀ। ਭੋਗ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਡੇਰੇ ਦੀ ਜਮੀਨ ਦਾ ਵੀ ਫਿਰ ਤੁਰ ਕੇ ਨਰੀਖਣ ਕੀਤਾ। ਸੂਬਾ ਗੁਲਜਾਰ ਸਿੰਘ ਮਹਿਮੂਦਪੁਰ ਦੀ ਅਗਵਾਈ ਵਿੱਚ ਸ. ਕੁਲਦੀਪ ਸਿੰਘ ਬੁੱਟਰ ਅਤੇ ਸਮੁੱਚਾ ਪੰਨੂ ਪਰਿਵਾਰ, ਜ. ਪ੍ਰਭਜੀਤ ਸਿੰਘ ਅਤੇ ਕਾਨੌਗੋ ਗੁਰਦੀਪ ਸਿੰਘ ਸੇਵਾ ਵਿੱਚ ਹਾਜ਼ਰ ਸਨ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦਸੂਹਾ ਵਿਖੇ ਸ. ਬਲਜੀਤ ਸਿੰਘ ਪੁੱਤਰ ਸ. ਗੁਲਜਾਰ ਸਿੰਘ, ਸਤਨਾਮ ਸਿੰਘ ਰਾਗੀ ਪੁੱਤਰ ਸ. ਸੁੱਚਾ ਸਿੰਘ, ਦਵਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਸ. ਮਨਜੀਤ ਸਿੰਘ ਪੁੱਤਰ ਅਮਰ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ. ਉਪਿੰਦਰ ਸਿੰਘ ਪੁੱਤਰ ਸ. ਗੁਰਦੀਪ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ ਅਤੇ ਇਥੋਂ ਹੀ ਵਾਪਸੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.................................................

## ਪ੍ਰਕਾਸ਼ ਪੁਰਬ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਜਮਨਾ ਨਗਰ- 24 ਜੁਲਾਈ 2022 ਦਿਨ ਐਤਵਾਰ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਨਾਮਧਾਰੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ 4 ਵਜੇ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਨਾਮਧਾਰੀ ਵਿਦਿਅਕ ਜਥੇ ਵਲੋਂ ਵਾਰੇ ਦੇ ਰੂਪ ਵਿੱਚ ਕੀਤਾ ਗਿਆ। 5 ਵਜੇ ਕੀਰਤਨ ਦੀ ਸਮਾਪਤੀ ਤੋਂ

ਬਾਅਦ ਜਥੇਦਾਰ ਮਨਮੋਹਨ ਸਿੰਘ ਜੀ ਨੇ ਵਾਰੇ ਦੀ ਸਮਾਪਤੀ ਦੀ ਅਰਦਾਸ ਕੀਤੀ।

ਉਪਰੰਤ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਮੇਲੇ ਲਈ ਦੀਵਾਨ ਲਗਾਉਣ ਲਈ ਪੁਜੇ



ਸਨ। ਉਨ੍ਹਾਂ ਨੇ 6 ਵਜੇ ਆਪਣੇ ਦੀਵਾਨ ਦਾ ਅਰੰਭ ਕੀਤਾ। ਉਨ੍ਹਾਂ ਨੇ ਦੱਸਿਆ ਕਿ ਮੈਂ ਮੱਧ ਪ੍ਰਦੇਸ਼ ਪਿਛਲੇ 2-3 ਮਹੀਨੇ ਪਹਿਲੇ ਗਿਆ ਸੀ ਉਥੇ ਇਕ ਬਿਰਧ ਮਾਤਾ ਜੋ ਕਿ ਗੈਰ ਨਾਮਧਾਰੀ ਸੀ ਉਸ ਦਾ ਇਕੋ ਇਕ ਪੁੱਤਰ ਜੋ ਕਿ ਵਿਰੋਧੀਆਂ ਵਲੋਂ ਕਿਸੇ ਕੇਸ ਵਿੱਚ ਜੇਲ ਵਿੱਚ ਬੰਦ ਸੀ, ਕਾਫੀ ਯਤਨ ਕਰਨ ਤੋਂ ਬਾਅਦ ਵੀ ਉਸਦੇ ਪੁੱਤਰ ਦੀ ਨਾ ਤੇ ਜਮਾਨਤ ਤੇ ਨਾ ਹੀ ਰਿਹਾਈ ਮਿਲ ਰਹੀ ਸੀ। ਮਾਤਾ ਬਿਰਧ ਸੀ ਇਕੋ ਇੱਕ ਸਹਾਰਾ ਸੀ ਰਾਤ ਦਿਨ ਰੋਂਦੀ ਰਹਿੰਦੀ ਸੀ। ਮੇਰੀ ਮੁਲਾਕਾਤ ਉਸ ਮਾਤਾ ਨਾਲ ਹੋਈ ਤੇ ਮੈਂ ਉਸ ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਤਸਵੀਰ ਦੇ ਕੇ ਆਖਿਆ ਕਿ ਮਾਤਾ ਜੀ ਆਪ ਸਾਡੇ ਨਾਮਧਾਰੀ ਪੰਥ ਦੇ ਸਤਿਗੁਰੂ ਜੀ ਅੱਗੇ ਰੋਜ਼ਾਨਾ ਅਰਦਾਸ ਕਰਕੇ ਪੁੱਤਰ ਦੀ ਰਿਆਈ ਦੀ ਅਰਦਾਸਾਂ ਕਰਿਆ ਕਰੋ ਤੇ ਨਿਤਨੇਮ ਕਰਿਆ ਕਰੋ। ਉਸ ਮਾਤਾ ਨੇ ਉਸੇ ਹੀ ਤਰ੍ਹਾਂ ਕੀਤਾ। ਜਿਸ ਤਰ੍ਹਾਂ ਕੋਈ ਵੀ ਦੁਖਿਆਰੇ ਨੂੰ ਜੋ ਕੋਈ ਆਖਦਾ ਹੈ ਉਸ ਤਰ੍ਹਾਂ ਹੀ ਕਰਦਾ ਹੈ। ਸੋ ਮਾਤਾ ਦੀ ਅਰਦਾਸ ਮੰਜੂਰ ਹੋਈ। ਕੁਝ ਸਮੇਂ ਬਾਅਦ ਹੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਹੋਏ ਤੇ ਮਾਤਾ ਨੂੰ ਹੁਕਮ ਕੀਤਾ ਮਾਤਾ ਪੁੱਤਰ ਛੇਤੀ ਹੀ ਬਰੀ ਹੋ ਜਾਵੇਗਾ।

ਸੋ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਮਾਤਾ ਦਾ ਪੁੱਤਰ ਬਰੀ ਹੋ ਕੇ ਆਇਆ ਮਾਤਾ ਤੇ ਪੁੱਤਰ ਇਕੱਠੇ ਹੀ ਸੁਖੀ ਜੀਵਨ ਬਿਤਾ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਗੁਰੂ ਘਰ ਦੀ ਵਡਿਆਈ ਦੀਆਂ ਸਾਖੀਆਂ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ। ਬਹੁਤ ਵਧੀਆ ਅਨੰਦ ਮਈ ਕੀਰਤਨ ਕੀਤਾ ਸੰਗਤ ਇਕ ਮਨ ਚਿੱਤ ਹੋ ਕੇ ਅਨੰਦ ਮਾਣਦੀ ਰਹੀ।

ਉਪਰੰਤ ਸੂਬਾ ਬਲਦੇਵ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤੇ ਦੂਰੋਂ ਨੇੜਿਉ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ।

**ਗੁਰਚਰਨ ਸਿੰਘ ਕਿਆਂਮਪੁਰੀਆ**

.................................................

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ

ਏਲਨਾਬਾਦ- **26 ਜੂਨ 2022** ਦਿਨ ਐਤਵਾਰ ਨਾਮਧਾਰੀ ਧਰਮਸ਼ਾਲਾ ਏਲਨਾਬਾਦ ਕਾਕਾ ਸੁਖਦੀਪ ਸਿੰਘ ਨਮਿਤ ਰੱਖੇ ਹੋਏ ਸਧਾਰਨ ਪਾਠ ਦਾ ਭੋਗ ਪਾਇਆ ਨੌਜਵਾਨ ਸੁਖਦੀਪ ਸਿੰਘ, ਸੰਤ ਤਾਰਾ ਸਿੰਘ ਹੰਜਰਾ ਦਾ ਪੋਤਰਾ ਤੇ ਸੰਤ ਸੁਰਜੀਤ ਸਿੰਘ ਹੰਜਰਾ ਦਾ ਸੁਪੱਤਰ ਸੀ ਜੋ ਕਿ ਭਰੀ ਜਵਾਨੀ ਦਾ ਸਾਲ 26-27 ਸਾਲ ਦੀ ਅਵਸਥਾ ਵਿੱਚ ਅਕਾਲ ਪੁਰਖ ਦੀ ਬਖ਼ਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਸਮਾਪਤ ਕਰਕੇ ਅਚਾਨਕ ਹੀ ਅਕਾਲ ਚਲਾਨਾ ਕਰ ਗਏ ਸਨ।

ਨੌਜਵਾਨ ਸੁਖਦੀਪ ਤਿੰਨ ਭੈਣ ਭਰਾਵਾ ਵਿਚੋਂ ਦੂਜੇ ਸਥਾਨ ਤੇ ਸਨ ਵੱਡੀ ਭੈਣ ਸਿਮਰਨ ਜੋ ਦਿੱਲੀ ਵਿੱਚ ਸਰਕਾਰੀ ਮਹਿਕਮੇ ਵਿੱਚ ਇਕ ਵੱਡੇ ਅਫ਼ਸਰ ਦੀ ਸੇਵਾ ਨਿਭਾ ਰਹੀ ਹੈ। ਛੋਟਾ ਭਰਾ ਆਪਣੇ ਪਿਤਾ ਨਾਲ ਜ਼ਿਮੀਦਾਰਾ ਕੰਮ ਕਾਰ ਹੀ ਕਰਦਾ ਹੈ। ਨੌਜਵਾਨ ਸੁਖਦੀਪ ਸਿੰਘ ਬੜਾ ਹੀ ਹੋਣਹਾਰ ਬੱਚਾ ਸੀ। ਸੰਗੂ ਇੰਨਜੀਰਿੰਗ ਏਲਨਾਬਾਦ ਵਿਖੇ ਹੀ ਕੰਮ ਕਰਦਾ ਸੀ ਬੜਾ ਹੀ ਮਿਲਾਪੜਾ ਨੌਜਵਾਨ ਸੀ। ਨੌਜਵਾਨ ਸੁਖਦੀਪ ਦੇ ਭੋਗ ਸਮੇਂ ਬੜੀ ਦੂਰੋਂ ਨੇੜਿਓ ਰਿਸਤੇਦਾਰ ਜਮਨਾ ਨਗਰ, ਲੁਧਿਆਣਾ, ਸਰਹੰਦ, ਦਿੱਲੀ, ਫਤਿਆਬਾਦ, ਸਿਰਸੇ ਤੋਂ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਲਿਵਾਉਣ ਲਈ ਪਹੁੰਚੇ ਹੋਏ ਸਨ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਜੋ ਕਿ ਰਾਣੀਆਂ ਤੋਂ ਉਚੇਚੇ ਤੋਰ ਤੇ ਜੱਥੇ ਸਮੇਤ ਕੀਰਤਨ ਕਰਨ ਲਈ ਪੁੱਜੇ ਸਨ ਉਨ੍ਹਾਂ ਨੇ ਬੜਾ ਵੈਰਾਗ ਮਈ ਦੀਵਾਨ ਲਾਇਆ। ਉਨ੍ਹਾਂ ਤੋਂ ਬਾਅਦ ਗੁਰਚਰਨ ਸਿੰਘ ਜੋ ਕਿ ਜਮਨਾ ਨਗਰ ਤੋਂ ਆਏ ਸੀ ਬੜੀ ਵੈਰਾਗ ਮਈ ਕਵਿਤਾ ਪੜ੍ਹੀ। ਉਪਰੰਤ ਪ੍ਰਧਾਨ ਗੁਰਮੀਤ ਸਿੰਘ ਚਾਨਾ ਜੀ ਨੇ ਨੌਜਵਾਨ ਸੁਖਦੀਪ ਸਿੰਘ ਨੂੰ ਸ਼ਰਧਜਲੀ ਦਿੱਤੀ ਤੇ ਦਸਿਆ ਕਿ ਇਹ ਮਾਤਾ ਪਿਤਾ ਵਾਸਤੇ ਬੜਾ ਵੱਡਾ ਦੁਖ ਹੈ ਜਿਸ ਨੂੰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਤੋਂ ਬਿਨਾਂ ਨਹੀਂ ਸਹਿਆਂ ਜਾ ਸਕਦਾ। ਉਪਰੰਤ ਪ੍ਰਧਾਨ ਗੁਰਮੀਤ ਸਿੰਘ ਚਾਨਾ ਨੇ ਅਰਦਾਸ ਕੀਤੀ ਦੂਰੋਂ ਨੇੜਿਉਂ ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਮੀਤ ਸਿੰਘ ਚਾਨਾ**

.................................................

## ਬੈਡਮਿੰਟਨ ਟੂਰਨਾਮੈਂਟ

**24 ਜੁਲਾਈ 2022 ਈ.** ਨੂੰ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਪੰਜਵਾਂ ਸਤਿਗੁਰੂ ਜਗਜੀਤ ਸਿੰਘ ਜੀ ਮੈਮੋਰੀਅਲ ਟੂਰਨਾਮੈਂਟ ਜਸਪਾਲ ਸਿੰਘ (ਮੁੰਬਈ), ਬੰਤਾ ਸਿੰਘ (ਸ੍ਰੀ ਭੈਣੀ ਸਾਹਿਬ) ਤੇ ਹਾਕਮ ਸਿੰਘ (ਸ੍ਰੀ ਭੈਣੀ ਸਾਹਿਬ) ਦੁਆਰਾ ਕਰਵਾਇਆ ਗਿਆ। ਇਸ ਵਿੱਚ ਪੁਰਸ਼ 90+ (ਡਬਲ), ਪੁਰਸ਼ 70+ (ਡਬਲ) ਅਤੇ ਪੁਰਸ਼ (ਡਬਲ) ਵਿੱਚ ਕੁੱਲ 172 ਖਿਡਾਰੀਆਂ ਨੇ ਭਾਗ ਲਿਆ। ਜਿਸ ਵਿੱਚੋਂ 90+ (ਡਬਲ) ਵਿੱਚ ਸੂਬਾ ਭੁਪਿੰਦਰ ਸਿੰਘ ਅਤੇ ਇੰਦਰਪ੍ਰੀਤ ਸਿੰਘ ਜੇਤੂ ਰਹੇ। ਜਦੋਂ ਕਿ ਅਮਰੀਕ ਸਿੰਘ ਅਤੇ ਗੁਰਦੀਪ



ਸਿੰਘ (ਸ੍ਰੀ ਭੈਣੀ ਸਾਹਿਬ) ਦੂਸਰੇ ਸਥਾਨ 'ਤੇ ਰਹੇ। 70+ (ਡਬਲ) ਵਿਚੋਂ ਸੂਬਾ ਭੁਪਿੰਦਰ ਸਿੰਘ ਅਤੇ ਭੁਵਨ (RPR) ਜੇਤੂ ਰਹੇ। ਜਦੋਂ ਕਿ ਬੰਤਾ ਸਿੰਘ ਅਤੇ ਵਿਨੇ ਕੁਮਾਰ (ਸ੍ਰੀ ਭੈਣੀ ਸਾਹਿਬ) ਦੂਸਰੇ ਸਥਾਨ 'ਤੇ ਰਹੇ। ਪੁਰਸ਼ (ਡਬਲ) ਵਿਚੋਂ ਹਾਕਮ ਸਿੰਘ ਅਤੇ ਭੁਵਨ (ਸ੍ਰੀ ਭੈਣੀ ਸਾਹਿਬ) ਜੇਤੂ ਰਹੇ। ਜਦੋਂ ਕਿ ਰਾਵੇਲ ਸਿੰਘ ਅਤੇ ਅਭੇ ਸਿੰਘ (ਸ੍ਰੀ ਭੈਣੀ ਸਾਹਿਬ) ਦੂਸਰੇ ਸਥਾਨ 'ਤੇ ਰਹੇ। ਜੇਤੂ ਖਿਡਾਰੀਆਂ ਨੂੰ ਸੂਬਾ ਜੀ ਗਵਾਲੀਅਰ ਵਾਲਿਆਂ ਵੱਲੋਂ ਟ੍ਰੌਫੀਆਂ ਤੇ ਨਕਦ ਇਨਾਮ ਦਿੱਤੇ ਗਏ।

ਅੰਤ ਵਿੱਚ ਸ. ਜਸਪਾਲ ਸਿੰਘ ਜੀ ਨੇ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਸਾਡੀ ਕਮੇਟੀ ਅੱਗੇ ਤੋਂ ਹੋਰ ਵੀ ਵਧੀਆ ਢੰਗ ਨਾਲ ਸਮੇਂ-ਸਮੇਂ ਟੂਰਨਾਮੈਂਟ ਕਰਵਾਉਂਦੀ ਰਹੇਗੀ ਤਾਂ ਜੋ ਨੌਜਵਾਨਾਂ ਦੀ ਰੁਚੀ ਨਸ਼ਿਆਂ ਜਾਂ ਹੋਰ ਗਲਤ ਕੰਮਾਂ ਤੋਂ ਹੱਟ ਕੇ ਖੇਡਾਂ ਵੱਲ ਲੱਗ ਸਕੇ।

**ਸੂਬਾ ਸਰਬਜੀਤ ਸਿੰਘ**

## ਪੁਸਤਕ ਰੀਵੀਊ

**ਪੁਸਤਕ – ਜੀਵਨ ਰਚਨਾਵਲੀ**
**ਲੇਖਕ – ਸੰਤ ਜੀਵਨ ਸਿੰਘ (ਕਾਵਿ ਭੂਸ਼ਣ)**
**ਸੰਪਾਦਕ – ਗੁਰਭਗਤ ਸਿੰਘ**
**ਪ੍ਰਕਾਸ਼ਕ – ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ**

ਕਵੀ ਬਣਨਾ ਅਤੇ ਕਵਿਤਾ ਰਚਣੀ ਹਰ ਕਿਸੇ ਐਰੇ ਗੈਰੇ ਦਾ ਕੰਮ ਨਹੀਂ ਹੈ। ਕਵੀ ਬਣਨ ਲਈ ਗੁਰੂ ਪ੍ਰਤੀ ਸੱਚੀ ਨਿਸਚਾ ਧਾਰਨੀ ਪੈਂਦੀ ਹੈ ਅਤੇ ਫਿਰ ਉਸਤਾਦ ਕਵੀ ਦੀ ਸ਼ਰਨ ਵਿੱਚ ਜਾ ਕੇ ਪਿੰਗਲ ਦਾ ਗਿਆਨ ਸਿਖਣਾ ਪੈਂਦਾ ਹੈ ਅਤੇ ਆਪਣੇ ਗੁਰੂ ਦੀ ਮਰਿਯਾਦਾ ਵਿੱਚ ਰਹਿਣਾ ਪੈਂਦਾ ਹੈ। ਤਾਂ ਕਿਤੇ ਸ਼ਾਗਿਰਦ ਤੇ ਉਸਤਾਦ ਮਿਹਰਬਾਨ ਹੋ ਕੇ ਕਾਵਿ ਕਲਾ ਦੀਆਂ ਘੁੰਡੀਆਂ ਚੇਲੇ ਅੱਗੇ ਉਜਾਗਰ ਕਰਦਾ ਹੈ। ਸੁਰ ਉਚੀ ਲਗਾਉਣੀ, ਧੀਮੀ ਕਰਨੀ ਅਤੇ ਸਟੇਜ ਦੁਆਲੇ ਇਕੱਤਰ ਹੋਈ ਭੀੜ ਸੰਗਤ ਨੂੰ ਕੀਲਣ ਦੇ ਗੁਰ ਸਿੱਖ ਕੇ ਚੇਲਾ ਆਪਣੇ ਖੇਤਰ ਵਿੱਚ ਪਰਵਾਨ ਹੋ ਜਾਂਦਾ ਹੈ ਤੇ ਜਿਸ ਪ੍ਰਸੰਗ ਬਾਰੇ ਉਸਨੇ ਕਵੀਸ਼ਰੀ ਕਰਨੀ ਜਾਂ ਵਾਰ ਗਾਇਨ ਕਰਨੀ ਹੋਵੇ ਉਹ ਪੂਰੀ ਤਿਆਰੀ ਨਾਲ ਸਰੋਤਿਆਂ ਵਿੱਚ ਜਾਂਦਾ ਹੈ।

ਢਾਡੀ ਕਲਾ, ਕਵੀਸ਼ਰੀ ਅਤੇ ਕਲੀ ਸਭ ਮਿਲਗੋਭਾ ਦੇ ਰੂਪ ਵਿੱਚ ਜਦੋਂ ਮੁਹੰਮਦ ਬਿਨ ਕਾਸਮ ਹਿੰਦੋਸਤਾਨ ਆਇਆ ਸੀ ਅਤੇ ਰਾਜੇ ਦਾਹਰ ਨੂੰ ਹਰਾ ਕੇ ਹਿੰਦੋਸਤਾਨ ਵਿੱਚ ਪੈਰ ਪਸਾਰੇ ਸਨ ਤਾਂ ਉਹ ਸੰਯੁਕਤ ਰੂਪ ਵਿੱਚ ਹਿੰਦੋਸਤਾਨ ਵਿੱਚ ਆਏ ਅਤੇ ਫਿਰ ਸਮੇਂ ਦੇ ਬਦਲਣ ਨਾਲ ਉਹ ਰਾਜਸਥਾਨ ਤੇ ਹੋਰ ਰਾਜਪੂਤਾਨੇ ਦੇ ਬਹਾਦਰੀ ਭਰਪੂਰ ਕਾਰਨਾਮਿਆਂ ਨੂੰ ਰਾਸ ਆ ਗਏ। ਰਾਜਪੂਤਾਂ ਨੂੰ ਨਿੱਤ ਯੁੱਧ ਕਰਨੇ ਪੈਂਦੇ ਅਤੇ ਦੁਸ਼ਮਣ ਨੂੰ ਜਿੱਤਣ ਲਈ ਫੌਜਾਂ ਵਿੱਚ ਜੋਸ਼ ਕਾਇਮ ਕਰਨ ਲਈ ਢਾਡੀ ਵਾਰਾਂ ਗਾਇਨ ਕਰਦੇ, ਕਵੀਸ਼ਰ ਕਵੀਸ਼ਰੀ ਕਰਦੇ, ਕਲੀਆਂ ਦੇ ਉਸਤਾਦ ਕਲੀਆਂ ਗਾਇਨ ਕਰਕੇ ਬੁਲੰਦ ਆਵਾਜ਼ ਵਿੱਚ ਯੋਧਿਆਂ ਦੇ ਇਤਿਹਾਸ ਸੁਣਾ ਕੇ ਰਾਜਪੂਤਾਂ ਨੂੰ ਕਾਇਮ ਕਰਿਆਂ ਕਰਦੇ ਸਨ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਕਵੀਸ਼ਰ ਦੋ ਸ਼ਬਦਾਂ ਕਵੀ ਅਤੇ ਈਸ਼ਰ ਦੇ ਸੁਮੇਲ ਤੋਂ ਬਣਿਆ ਹੈ ਜਿਸਦਾ ਅਰਥ ਹੈ ਕਵਿਤਾ ਦਾ ਮਾਲਕ ਹੈ। 1705 ਈ. ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਤਿਆਗ ਕਰਕੇ ਕਲਗੀਆਂ ਵਾਲੇ ਸ਼ਹਿਨਸ਼ਾਹ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦੀ ਧਰਤੀ ਤੇ ਚਰਨ ਪਾਏ ਤਾਂ ਉਸ ਧਰਤੀ ਦੇ ਭਾਗ

ਜਗ੍ਹਾਂ ਦਿੱਤੇ। ਦੀਨੇ ਕਾਂਗੜ ਜਾ ਕੇ ਜਫਰਨਾਮਾ ਨਾਮ ਦਾ ਖ਼ਤ ਬਾਦਸ਼ਾਹ ਔਰੰਗਜੇਬ ਵੱਲ ਲਿਖਿਆ, ਫਿਰ ਲੱਖੀ ਜੰਗਲ ਦੀ ਜੂਹ ਵਿੱਚ ਕਵੀ ਦਰਬਾਰ ਕੀਤੇ ਅਤੇ ਸਾਹਿਤ ਰਚਨਾ ਕੀਤੀ, ਉਥੋਂ ਅੱਗੇ ਸਾਬੋ ਕੀ ਤਲਵੰਡੀ- ਭਾਈ ਡੱਲੇ ਦੇ ਇਲਾਕੇ ਵਿੱਚ ਲਗਭਗ ਨੌ ਮਹੀਨੇ ਰਹਿਕੇ ਕਈ ਕਾਰਜ ਨਿਭਾਹੇ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਯਾਦ ਤਾਜਾ ਕਰਵਾ ਦਿੱਤੀ ਅਤੇ ਮਣਾਂ ਮੂੰਹੀ ਸਾਹਿਤ ਦੀ ਰਚਨਾ ਕੀਤੀ। ਗੁਰੂ ਦਸਮ ਪਾਤਸ਼ਾਹ ਜੀ ਤੋਂ ਸਿਖ ਮਿਸਲਾਂ ਦਾ ਦੌਰ ਆਇਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਬਾਅਦ ਪੰਜਾਬ ਅੰਗਰੇਜ਼ ਦੀ ਝੋਲੀ ਪੈ ਗਿਆ। ਫਿਰ ਜਦੋਂ ਕਿਧਰੇ ਵੀ ਆਸ ਦੀ ਕਿਰਨ ਦਿਖਾਈ ਨਹੀਂ ਸੀ ਦਿੰਦੀ, ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦਾ ਆਗਮਨ ਹੋਇਆ ਜਿਨ੍ਹਾਂ ਨੇ ਸੰਤ ਖਾਲਸਾ ਦੀ ਸਾਜਨਾ ਕਰਕੇ ਲੋਕਾਈ ਦੀ ਕਾਇਆ ਕਲਪ ਕਰ ਦਿੱਤੀ।

ਸਤਿਗੁਰੂ ਰਾਮ ਸਿੰਘ ਜੀ ਨੇ ਸਿਖ ਵਿਰਸੇ ਦੀ, ਸਿਖ ਸਾਹਿਤ ਤੇ ਇਤਿਹਾਸ ਨੂੰ ਸੰਭਾਲਿਆ ਅਤੇ ਸ੍ਰੀ ਭੈਣੀ ਸਾਹਿਬ ਵਿੱਚ ਲਾਇਬ੍ਰੇਰੀ ਕਾਇਮ ਕੀਤੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਦਸਮ ਗ੍ਰੰਥ, ਪ੍ਰੇਮ ਸੁਮਾਰਗ ਗ੍ਰੰਥ, ਗੁਰਿੰਡ ਨਾਮਾ ਆਦਿਕ ਨਾਯਾਬ ਗ੍ਰੰਥ ਅਤੇ ਕਿਸਾ ਕਾਵਿ ਦੇ ਪੁਸਤਕ, ਲੋਕ ਕਲਾਵਾਂ ਦਾ ਵਿਕਾਸ ਕਰਵਾਇਆ। ਇਹ ਸਭ ਕੁਝ ਨਾਲ ਲੋਕਾਈ ਨੂੰ ਅੰਗਰੇਜ਼ ਸਰਕਾਰ ਦਾ ਵਿਰੋਧ ਕਰਨਾ ਸਿਖਾਇਆ। ਪ੍ਰੰਤੂ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਕਾਰਨ ਇਹ ਸਭ ਕੁਝ ਤਹਿਸ ਨਹਿਸ ਹੋ ਗਿਆ।

ਸਵਰਨ ਸਿੰਘ ਸਨੇਹੀ (ਦੇਖੋ ਖੋਜ ਪਤ੍ਰਿਕਾ, ਕਵੀਸ਼ਰੀ ਅੰਕ, ਪੰਨਾ 68) ਅਨੁਸਾਰ ਨਾਮਧਾਰੀ ਪੰਥ ਵਿੱਚ ਕਵੀਸ਼ਰੀ ਦਾ ਪਹਿਲਾ ਜਥਾ ਭਗੌਤਿਆਂ ਦੀ ਜੋੜੀ ਸੀ। ਜਿਸ ਵਿੱਚ ਕੁੰਦਨ ਸਿੰਘ ਭਗੌਤਾ ਪਿੰਡ ਭਗਤਾ ਭਾਈ ਕਾ ਅਤੇ ਸੱਜਣ ਸਿੰਘ ਭਗੌਤਾ ਪਿੰਡ ਗੁਰੂ ਕਾ ਕੋਠਾ ਵਾਲਾ ਸੀ ਜਿਨ੍ਹਾਂ ਨੇ ਕਾਫ਼ੀ ਸਮਾਂ ਕਵੀਸ਼ਰੀ ਜਥੇ ਵਜੋਂ ਪੰਥ ਦੀ ਸੇਵਾ ਕੀਤੀ ਸੀ। ਉਨ੍ਹਾਂ ਦੇ ਬੁਢਾਪੇ ਵਿੱਚ ਆ ਜਾਣ ਨਾਲ ਸੂਬਾ ਬਹਾਲ ਸਿੰਘ ਰੋਡਿਆਂ ਵਾਲੇ ਤੇ ਸਾਂਈਦਾਸ ਜਿਨ੍ਹਾਂ ਨੇ ਲੰਮਾ ਸਮਾਂ ਕਵੀਸ਼ਰੀ ਜਥਾ ਬਣਾ ਕੇ ਇਤਿਹਾਸ ਤੇ ਸਾਹਿਤ ਬਾਰੇ ਕਵੀਸ਼ਰੀ ਛੰਦ ਗਾ ਕੇ ਪੰਥ ਦੀ ਸੇਵਾ ਕੀਤੀ। ਉਨ੍ਹਾਂ ਦੇ ਸਮੇਂ ਕਾਵਿ ਭੂਸ਼ਣ ਜੀਵਨ ਸਿੰਘ ਜੀ ਜਿਨ੍ਹਾਂ ਨੇ ਕਵੀ ਹਰਵੇਲ ਸਿੰਘ ਅਤੇ ਸਵਿੰਦਰ ਸਿੰਘ ਨਾਲ ਲੈ ਕੇ ਕਵੀਸ਼ਰੀ ਜਥਾ ਬਣਾ ਕੇ ਪੰਥ ਦੀ ਸੇਵਾ ਕਰਨੀ ਸ਼ੁਰੂ ਕੀਤੀ।

ਮਹਾਂ ਕਵੀ, ਕਵੀਸ਼ਰਾਂ ਦੇ ਸਿਰਤਾਜ ਦਾ ਜਨਮ ਮਾਝੇ ਦੇ ਮਸ਼ਹੂਰ ਪਿੰਡ ਸਿੰਘਪੁਰਾ (ਫੈਜ਼ਲਪੁਰ) ਵਿੱਚ ਪਿਤਾ ਭਾਈ ਤਾਰਾ ਸਿੰਘ ਅਤੇ ਮਾਤਾ ਕਰਮ ਕੌਰ ਦੇ ਰਾਮਗੜ੍ਹੀਆ ਪਰਿਵਾਰ ਵਿੱਚ 1920 ਈ. ਵਿੱਚ ਹੋਇਆ। ਇਹ ਨਵਾਬ ਕਪੂਰ ਸਿੰਘ ਦਾ ਇਤਿਹਾਸਕ ਪਿੰਡ ਸੀ ਜਿਸਨੇ ਦਲ ਖਾਲਸਾ ਨੂੰ ਸੇਧ ਬਖਸ਼ ਕੇ ਸਿਖ ਮਿਸਲਾਂ ਦੇ ਸਰਦਾਰਾਂ ਨੂੰ ਉਭਾਰਿਆ। ਸਰਦਾਰਾਂ ਦੀ ਇਹ ਅਣਖ ਦਾ ਸਬਕ ਜੀਵਨ ਸਿੰਘ ਨੂੰ ਵੀ ਮਿਲਿਆ ਸੀ। ਇਥੇ ਹੀ ਬਸ ਨਹੀਂ, ਪਿੰਡ ਵਲਟੋਹਾ ਵਿਖੇ ਸੰਤਾਂ ਦੇ ਨਾਨਕੇ ਸਨ ਜੋ ਨਾਮਧਾਰੀ ਪੰਥ ਦਾ ਗੜ੍ਹ ਸੀ ਜਿਥੋਂ ਸੰਤਾਂ ਨੂੰ ਸੂਝ ਅਵਸਥਾ ਸਮੇਂ ਨਾਮਧਾਰੀ ਇਤਿਹਾਸ ਅਤੇ ਸਾਹਿਤ ਬਾਰੇ ਗਿਆਨ ਹਾਸਲ ਹੋਇਆ। ਉਹਨਾਂ ਨੇ ਰਾਮਗੜ੍ਹੀਆ ਪਰਿਵਾਰ ਨਾਲ ਸੰਬੰਧਤ ਹੋਣ ਕਾਰਨ ਲਕੜੀ ਦੇ ਕੰਮ ਵਿੱਚ ਵੀ ਮੁਹਾਰਤ ਹਾਸਲ ਕੀਤੀ ਅਤੇ ਬਾਅਦ ਵਿੱਚ ਪੱਟੀ ਦੇ ਇਲਾਕੇ ਵਿੱਚ ਰਹਿ ਕੇ ਲਕੜ ਦਾ ਕੰਮ ਵੀ ਕੀਤਾ ਸੀ।

ਸੰਤਾਂ ਪ੍ਰਾਇਮਰੀ ਸਕੂਲ ਤੱਕ ਵਿਦਿਆ ਪਿੰਡ ਸੁਰ ਸਿੰਘ ਵਾਲਾ ਦੇ ਸਕੂਲ ਵਿੱਚ ਪ੍ਰਾਪਤ ਕੀਤੀ ਸੀ ਫਿਰ ਰਿਵਾਜ ਅਨੁਸਾਰ ਆਸਲ ਉਤਾੜ ਦੇ ਨਿਰਮਲੇ ਸੰਤਾਂ ਦੇ ਡੇਰੇ ਵਿੱਚ ਧਾਰਮਿਕ ਵਿਦਿਆ ਹਾਸਲ ਕੀਤੀ ਸੀ, ਸਾਰੇ ਪ੍ਰਵਚਨ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਸ ਕਾਰਨ ਮਨ ਵਿੱਚ ਕਵਿਤਾ ਲਿਖਣ ਦਾ ਚਉ ਆ ਗਿਆ। ਗਿਆਨੀ ਬਖ਼ਸ਼ੀਸ਼ ਸਿੰਘ ਸਫ਼ਰੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਧੀਆਂ ਕਵੀ ਸਨ, ਜਿਨ੍ਹਾਂ ਦੀ ਕਵਿਤਾ ਸਤਿਜੁਗ ਅਖਬਾਰ ਵਿੱਚ ਛਪਿਆ ਕਰਦੀ ਸੀ। ਉਹਨਾਂ ਦੀ ਨਿਗਰਾਨੀ ਹੇਠ ਸੰਤ ਜੀਵਨ ਸਿੰਘ ਸਰਵਗੁਣ ਸੰਪੰਨ ਕਵੀ ਬਣ ਗਏ, ਪਿੰਗਲ ਦਾ ਅਧਿਐਨ ਕੀਤਾ ਫਿਰ ਭਾਈ ਸਮੁੰਦ ਸਿੰਘ ਜੋ ਕਿਸਾਨ ਘੋਲਾਂ ਵਿੱਚ ਭਾਗ ਲਿਆ ਕਰਦਾ ਸੀ, ਨਾਲ ਮਿਲਕੇ ਸੰਤਾਂ ਨੇ 1950 ਈ. ਵਿੱਚ ਪਹਿਲਾ ਕਵੀਸ਼ਰੀ ਜਥਾ ਬਣਾ ਲਿਆ। ਸੰਤਾਂ ਦੀ ਟੁੰਬਵੀ ਤੇ ਪ੍ਰਭਾਵਸ਼ਾਲੀ ਆਵਾਜ਼ ਨੇ ਪੰਥ ਵਿੱਚ ਧੁੰਮਾਂ ਪਾ ਦਿੱਤੀਆਂ। 1958 ਈ. ਵਿੱਚ ਉਨ੍ਹਾਂ ਦਾ ਪੱਟੀ ਦੇ ਨੇੜੇ ਮੁਗਲਵਾਲ ਦੇ ਨੌਜਵਾਨ ਸੁਵਿੰਦਰ ਸਿੰਘ ਨਾਲ ਮੇਲ ਹੋਇਆ ਅਤੇ 1963 ਈ. ਵਿੱਚ ਸੰਤਾਵਾਲੀ (ਸਰਸਾ) ਵਾਲੇ ਹਰਵੇਲ ਸਿੰਘ ਨੂੰ ਆਪਣੇ ਜਥੇ ਵਿੱਚ ਮਿਲਾ ਲਿਆ ਅਤੇ ਤਿੰਨ ਸਾਥੀਆਂ ਦੇ ਜਥੇ ਨੇ ਅਪਾਰ ਰੰਗ ਬੰਨਿਆ ਅਤੇ ਸਟੇਜਾਂ ਤੇ ਖੜੇ ਹੋ ਕੇ ਸੰਗਤ ਨੂੰ ਕੀਲੀ ਰਖਿਆ।

ਨਾਮਧਾਰੀ ਸੰਗਤ ਤੋਂ ਬਾਹਰ ਉਹ ਅਕਾਲੀ ਸਿਖਾਂ ਦੀਆਂ ਸਟੇਜਾਂ ਤੇ ਵੀ ਇਤਿਹਾਸ ਗਾਇਨ ਕਰਿਆ ਕਰਦੇ ਸਨ। ਇਕ ਵਾਰ ਢਾਡੀ ਸੋਹਣ ਸਿੰਘ ਸੀਤਲ ਨੇ ਸੰਤਾਂ ਤੋਂ ਦੀਵਾਨ ਵਿੱਚ ਮਹਾਰਾਣੀ ਜਿੰਦਾਂ ਦਾ ਇਤਿਹਾਸ ਸੁਣਿਆ ਸੀ ਤਾਂ ਸੰਗਤ ਵਿੱਚ ਖੜੇ ਹੋ ਕੇ ਸੀਤਲ ਨੇ ਆਖਿਆ ਸੀ ਕਿ ਜਿੰਦਾਂ ਦਾ ਇਤਿਹਾਸ ਮੈਂ ਵੀ ਸੁਣਾਉਂਦਾ ਹਾਂ ਪ੍ਰੰਤੂ ਤੁਸੀਂ ਮੇਰੇ

ਤੋਂ ਅੱਗੇ ਨਿਕਲ ਗਏ ਹੋ, ਭਵਿਖ ਵਿੱਚ ਲੋਕ ਤੁਹਾਡੇ ਤੋਂ ਚਾਉ ਨਾਲ ਇਤਿਹਾਸ ਸੁਣਿਆ ਕਰਨਗੇ। ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਵੀਸ਼ਰ ਜੀਵਨ ਸਿੰਘ ਤੋਂ ਇਤਿਹਾਸ ਸਰਵਣ ਕਰਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਆਖਿਆ ਸੀ ਕਿ ਤੁਸੀਂ ਜਦੋਂ ਚਾਹੋ ਲੌਂਗੋਵਾਲ ਗੁਰਦੁਆਰੇ ਆਕੇ ਦੀਵਾਨ ਲਗਾ ਸਕਦੇ ਹੋ। ਸਤਿਗੁਰੂ ਜਗਜੀਤ ਸਿੰਘ ਜੀ ਦੀ ਉਹਨਾਂ ਤੇ ਅਪਾਰ ਕਿਰਪਾ ਸੀ, ਉਹਨਾਂ ਨੇ ਸੰਤਾਂ ਨੂੰ 1994 ਈ. ਵਿੱਚ ਸ੍ਰੀ ਭੈਣੀ ਲੈ ਆਂਦਾ ਸੀ ਅਤੇ 15 ਮਾਰਚ 2000 ਅਕਾਲ ਚਲਾਣੇ ਤੱਕ ਇਥੇ ਹੀ ਰਹੇ ਸਨ। ਇਸ ਪ੍ਰਕਾਰ ਸੰਤਾਂ ਦਾ ਬੁਢਾਪਾ ਸਾਂਭਿਆ ਗਿਆ।

ਸਤਿਗੁਰੂ ਉਦੇ ਸਿੰਘ ਜੀ ਵੀ ਸਦਾ ਸਾਹਿਤਕਾਰਾਂ ਦੇ ਕਿਰਪਾ ਕਰਦੇ ਰਹਿੰਦੇ ਹਨ। ਹਰ ਹੋਲਾ ਪੁਰਬ ਅਤੇ ਹੋਰ ਮੌਕਿਆਂ ਤੇ ਵਿਦਵਾਨਾਂ ਦਾ ਸਨਮਾਨ ਕਰਦੇ ਹਨ ਅਤੇ ਲਿਖਾਰੀ ਦੀ ਆਰਥਿਕ ਮਦਦ ਕਰਦੇ ਹਨ। ਇਹ ਸਤਿਗੁਰੂ ਜੀ ਦਾ ਸੁਪਨਾ ਹੀ ਸੀ ਸੰਤ ਜੀਵਨ ਜੀ ਦੀ ਸਾਰੀ ਕਾਵਿ ਰਚਨਾ ਨੂੰ ਇਕ ਪੁਸਤਕ ਵਿੱਚ ਸਮੋਅ ਲਿਆ ਜਾਵੇ। ਉਨ੍ਹਾਂ ਨੇ ਸਰਵ ਰੰਗ ਦੀ ਕਵਿਤਾ ਦੇ ਆਸ਼ਕ, ਸੰਤਾਂ ਦੀ ਕਵੀਸ਼ਰੀ ਕਾਵਿ ਦੇ ਕਦਰਦਾਨ ਗੁਰਭਗਤ ਸਿੰਘ ਜੀ ਨੂੰ ਸੁਝਾਅ ਦਿੱਤਾ ਕਿ ਸੰਤਾਂ ਦੀ ਰਚਨਾ ਨੂੰ ਇਕੱਤਰ ਕੀਤਾ ਜਾਵੇ। ਭਾਵੇਂ ਸੰਤਾਂ ਦੇ ਜੀਵਨ ਸਮੇਂ ਦੋ ਛੋਟੀਆਂ ਪੁਸਤਕਾਂ ਛਪੀਆਂ ਸਨ। ਪ੍ਰੰਤੂ ਉਹਨਾਂ ਦੀ ਸਮੁੱਚੀ ਰਚਨਾ ਨੂੰ ਸਤਿਗੁਰੂ ਜੀ ਦੀ ਕਿਰਪਾ ਸਦਕਾ ਇਕ ਵੱਡ ਅਕਾਰੀ ਪੁਸਤਕ ਦੇ ਰੂਪ ਵਿੱਚ ਸੰਤ ਗੁਰਭਗਤ ਸਿੰਘ ਜੀ ਨੇ ਪਾਠਕਾਂ ਦੇ ਸਾਹਮਣੇ ਲਿਆਂਦਾ ਹੈ। ਉਹਨਾਂ ਨੇ ਸੰਤ ਜੀਵਨ ਸਿੰਘ ਜੀ ਦੀ ਹਰ ਵੰਨਗੀ ਨੂੰ ਸਿਰਲੇਖ ਹੇਠ ਤਰਤੀਬ ਵਾਰ ਵਿਦਵਤਾ ਨਾਲ ਪੁਸਤਕ ਦੀ ਸੰਪਾਦਨਾ ਕੀਤੀ ਹੈ। ਉਹਨਾਂ ਤੋਂ ਬਿਨਾਂ ਸੰਤਾਂ ਦੇ ਜੀਵਨ ਬਾਰੇ ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ ਜੀ ਕਥਾਕਾਰ, ਸੰਤਾਂ ਦਾ ਸਾਹਿਬਜ਼ਾਦਾ ਅਰਜਨ ਸਿੰਘ, ਲਖਵਿੰਦਰ ਸਿੰਘ ਅਤੇ ਸੰਤ ਗੁਰਭਗਤ ਸਿੰਘ ਨੇ ਸੰਤਾਂ ਬਾਰੇ ਉਹਨਾਂ ਦੇ ਜੀਵਨ ਬਾਰੇ ਬਾਖੂਬੀ ਨਿਠ ਕੇ ਵਿਚਾਰ ਕੀਤੀ ਹੈ। ਸੰਤ ਗੁਰਭਗਤ ਸਿੰਘ ਜੀ ਦੀ ਕਲਮ ਨੂੰ ਸਲਾਮ ਹੈ ਜਿਹਨਾਂ ਨੇ ਇਕ ਕਰਾਮਾਤ ਕਰ ਦਿੱਤੀ ਹੈ ਕਿ ਵਡ ਆਕਾਰੀ ਪੁਸਤਕ 700 ਸਫ਼ੇ ਵਾਲੀ ਅਣਥੱਕ ਮਿਹਨਤ ਕਰਕੇ ਪੁਸਤਕ ਤਿਆਰ ਕਰਕੇ ਪਾਠਕਾਂ ਤੱਕ ਪਹੁੰਚਾ ਕੇ ਸ਼ਹੀਦਾਂ ਦੀ 150 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਕਰਕੇ ਪਾਠਕਾਂ ਸਿਰ ਅਹਿਸਾਨ ਕੀਤਾ ਹੈ। ਸੰਤ ਜੀਵਨ ਸਿੰਘ ਜੀ ਦੀ ਘਾਲ ਕਮਾਈ ਨੂੰ ਗੁਰਭਗਤ ਸਿੰਘ ਜੀ ਨੇ ਸਦਾ ਲਈ ਅਮਰ ਕਰ ਦਿੱਤਾ ਹੈ। ਪ੍ਰਿੰਟਵੈਲ- ਸਿੰਘ ਬਰਦਰਜ ਅੰਮ੍ਰਿਤਸਰ ਵਾਲਿਆ ਦਾ ਵੀ ਧੰਨਵਾਦੀ ਹਾਂ ਕਿ ਉਹਨਾਂ ਨੇ ਐਸਾ ਬਿਖੜਾ ਕਾਰਜ ਬੜੀ ਰੀਝ ਨਾਲ ਨੇਪਰੇ ਚਾੜਿਆ ਹੈ। ਅੰਤ ਵਿੱਚ ਮੈਂ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੰਦਨਾ ਕਰਦਾ ਹਾਂ ਕਿ ਉਹਨਾਂ ਦੀ ਇਹ ਕਿਰਪਾ ਭਵਿਖ ਵਿੱਚ ਵੀ ਬਣੀ ਰਹੇ ਅਤੇ ਐਸੇ ਯਤਨ ਹੁੰਦੇ ਰਹਿਣ। ਪਾਠਕਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਵੱਧ ਤੋਂ ਵੱਧ ਖਰੀਦ ਕੇ ਪੜ੍ਹਨ ਅਤੇ ਲਾਭ ਉਠਾਉਣ। ਅਖੀਰ ਵਿੱਚ ਮੈਂ ਲੇਖ ਲਿਖਦੇ ਸਮੇਂ ਹੋਈਆਂ ਗਲਤੀਆਂ ਦੀ ਮੁਆਫ਼ੀ ਮੰਗਦਾ ਹਾਂ। ਧੰਨਵਾਦ।

**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

..................................................

## ਮਹਾਨ ਸਿਮਰਤੀ ਮੇਲਾ

**24 ਅਪ੍ਰੈਲ 2022** ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਜਿਥੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਰਜੀਵੜੇ ਸਿੱਖ ਸੂਬਾ ਗਿਆਨੀ ਰਤਨ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਨੇ ਫਾਂਸੀ ਦੇ ਰੱਸੇ ਗਲਾਂ ਵਿੱਚ ਪਾ ਦੇਸ ਦੀ ਅਜਾਦੀ ਅਤੇ ਗਊ ਗਰੀਬ ਦੀ ਰਾਖੀ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਵਿਖੇ ਐਤਵਾਰ "ਹਫਤਾਵਾਰੀ ਸਮਾਗਮ" ਇਸ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਆਗਿਆ ਲੈ ਸੰਤ ਸੁਰਿੰਦਰ ਸਿੰਘ ਜੀ (ਛਿੰਦਾ ਨਾਮਧਾਰੀ) ਜਲੰਧਰ ਅਤੇ ਸਮੂਹ ਪਰਿਵਾਰ ਵੱਲੋਂ ਕਰਵਾਇਆ ਗਿਆ।

ਅੰਮ੍ਰਿਤ ਵੇਲੇ 4 ਤੋਂ 6 ਵਜੇ ਤੱਕ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਵਾਰੇ ਦੇ ਰੂਪ ਵਿੱਚ ਲੁਧਿਆਣਾ ਦੇ ਨੌਜਵਾਨ ਜਥੇ (ਗੁਰਸੇਵਕ ਸਿੰਘ, ਸੁੰਦਰ ਸਿੰਘ, ਹਰਨਾਮ ਸਿੰਘ, ਜਥੇ ਬਲਜਿੰਦਰ ਸਿੰਘ ਵਜੀਦ, ਜਥੇ ਮਨਜੀਤ ਸਿੰਘ) ਵਲੋਂ ਵਜੀਦਪੁਰ ਅਤੇ ਫਗਵਾੜਾ ਦੇ ਵਲੋਂ ਜਥੇ ਦੇ ਸਹਿਯੋਗ ਨਾਲ ਕੀਤਾ ਗਿਆ। ਸੂਬਾ ਸੰਦੀਪ ਸਿੰਘ ਜੀ ਦੇ ਜਥੇ ਨੇ ਹੱਲੇ ਦਾ ਦੀਵਾਨ ਲਗਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦੀਆਂ ਸਾਖੀਆਂ ਸੁਣਾਈਆਂ। ਸੂਬਾ ਜੀ ਦਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਰ ਸਿੱਖ ਤੇ ਅਪਾਰ ਕਿਰਪਾਵਾਂ ਕੀਤੀਆਂ। ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ ਕਿ ਮੇਰੇ ਹਰ ਸਿੱਖ ਕੋਲ ਹਰ ਤਰਾਂ ਦੀਆਂ ਸੁਖ ਸੁਵਿਧਾਵਾਂ ਹੋਣ। ਦੀਵਾਨ ਦੇ ਦੌਰਾਨ ਹੀ ਨਾਮਧਾਰੀ ਵਿਦਿਅਕ ਜਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜਥੇ

ਵਲੋਂ ਛੋਟੇ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਿਸ ਵਿੱਚ ਅਰਦਾਸ ਪਾ: ੧੨, ਰਹਿਤਨਾਮਾ ਪਾ: ੧੨ ਅਤੇ ਪ੍ਰਸ਼ਾਦਾ ਛਕਣ ਉਪਰੰਤ ਅਰਦਾਸ ਮੁਕਾਬਲੇ ਕਰਵਾਏ ਗਏ।

ਸੂਬਾ ਹਰਭਜਨ ਸਿੰਘ ਜੀ ਨੇ ਦੂਰੋਂ ਨੇੜਿਉ ਆਈ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਇਹ ਸਿਮਰਤੀ ਮੇਲਾ (ਹਫਤਾਵਾਰੀ ਸਮਾਗਮ) ਸੁਰਿੰਦਰ ਸਿੰਘ ਛਿੰਦਾ ਪਰਿਵਾਰ ਦੇ ਉੱਦਮ ਨਾਲ ਬਹੁਤ ਵੱਡਾ ਮੇਲਾ ਬਣ ਗਿਆ ਹੈ।

**ਬਲਵੀਰ ਸਿੰਘ ਲੁਧਿਆਣਾ**

.........................................

## ਸਤਿੰਦਰ ਸਿਘ ਅਵੱਲ ਰਿਹਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਬਹੁਤ ਹੀ ਪਿਆਰਾ ਉਪਦੇਸ਼ ਹੈ- "ਤੁਸੀਂ ਡਾਕਟਰ ਬਣੋ, ਵਕੀਲ ਬਣੋ, ਇੰਜੀਨਿਅਰ ਬਣੋ ਪਰ ਸਭ ਤੋਂ ਪਹਿਲਾਂ ਸਿੱਖ ਬਣੋ" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਦਾ ਅਤੇ ਸਤਿਗੁਰੂ ਜੀ ਦਾ ਹੁਕਮ ਮਨਦਾ ਹੋਇਆ




ਐਲਨਾਬਾਦ ਦਾ ਹੋਨਹਾਰ ਨੌਜਵਾਨ ਸਤਿੰਦਰ ਸਿੰਘ ਪਿਤਾ ਸਵਰਨ ਸਿੰਘ ਦਾਦਾ ਮੋਹਰ ਸਿੰਘ ਡੋਲ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਘੋੜਿਆ ਦੀ ਸੇਵਾ ਵੀ ਨਿਭਾਉਂਦੇ ਰਹੇ ਉਸ ਗੁਰਮੁਖ ਪਰਿਵਾਰ ਦਾ ਇਕ ਬੱਚਾ ਆਪਣੇ ਨਾਮਧਾਰੀ ਪਹਿਰਾਵੇ ਅਤੇ ਸਿਧੀ ਦਸਤਾਰ ਨਾਲ ਕਨੇਡਾ ਵਿਖੇ Victoribritish-Columbia ਦੇ Camosun College ਵਿੱਚ Diploma in Arts and Science ਵਿੱਚ ਟਾਪ ਰਿਹਾ ਹੈ। ਨਾਮਧਾਰੀ ਪੰਥ ਵਾਸਤੇ ਬਹੁਤ ਮਾਨ ਦੀ ਗੱਲ ਹੈ ਅਤੇ ਬਹੁਤ ਸ਼ਾਬਾਸ ਇਸ ਬੱਚੇ ਦੇ ਮਾਤਾ ਪਿਤਾ ਦੇ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਅਤੇ ਸਿੱਖਿਆ ਸਦਕਾ ਇਹ ਨੋਜਵਾਨ ਕਨੇਡਾ ਜਾ ਕੇ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਾਵਨ ਚਰਨਾ ਨਾਲ ਜੁੜਿਆ ਰਿਹਾ ਤੇ ਸਿੱਖੀ ਦੀ ਮਰਿਯਾਦਾ ਨੂੰ ਸੰਭਾਲ ਕੇ ਰਖਿਆ ਇਸ ਬੱਚੇ ਦਾ ਨਾਨਕਾ ਪਰਿਵਾਰ ਸੰਤ ਨਗਰ ਤੋਂ ਸ. ਮੋਹਨ ਸਿੰਘ ਜਤੋਸ਼ੀ ਅਤੇ ਨਾਨੀ ਸਵਰਨ ਕੌਰ ਹੈ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਬਹੁਤ ਪ੍ਰੀਤਵਾਨ ਸਿੰਘ ਹਨ।

**ਗੁਰਮੀਤ ਸਿੰਘ ਚਾਨਾ**

.........................................

## ਸੰਤ ਮੁਖਤਿਆਰ ਸਿੰਘ ਵਿਰਕ ਨਹੀਂ ਰਹੇ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੇ ਭੋਰੇ ਤੇ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਦੇ ਪਾਤਰ ਸ. ਮੁਖਤਿਆਰ ਸਿੰਘ ਵਿਰਕ (ਇਮਲੀਆ ਕੋਠੀ) ਗੋਲਾ ਫਾਰਮ ਯੂ.ਪੀ. ਵਾਲੇ 10 ਜੁਲਾਈ 2022 ਨੂੰ ਆਪਣੀ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰਪੁਰੀ ਜਾ ਪਧਾਰੇ। ਉਹਨਾਂ ਦੀ ਯਾਦ ਵਿੱਚ 20 ਜੁਲਾਈ 2022 ਨੂੰ ਸਹਿਜ ਪਾਠ ਦਾ ਭੋਗ ਨਾਮਧਾਰੀ ਵਰਨੀ ਮਾਡਲ ਫਾਰਮ, ਗੋਲਾ, ਯੂ.ਪੀ. ਵਿਖੇ ਪਾਇਆ ਗਿਆ। ਜਥੇ. ਕਮਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ ਤੇ ਸੰਸਾਰ ਦੀ ਨਾਸ਼ਵਾਨਤਾ ਬਾਰੇ ਦੱਸਦੇ ਹੋਏ ਗੁਰੂ ਚਰਨਾ ਨਾਲ ਜੁੜਨ ਦਾ ਹੋਕਾ ਦਿੱਤਾ।

.........................................

## Matrimonial

**ਨਾਮਧਾਰੀ ਲੜਕੇ (ਰਾਮਗੜ੍ਹੀਏ) ਲਈ ਯੋਗ ਲੜਕੀ ਦੀ ਲੋੜ ਹੈ।**

ਜਨਮ - 10 ਸਤੰਬਰ 1991
ਪੜਾਈ - M.SC, B.ed (P.G.T)
ਕੱਦ - 5'8''
ਰਿਹਾਇਸ਼ - ਦਿੱਲੀ
ਸੰਪਰਕ - 98732-21968, 98999-42670

.........................................

**Name - Jagdeep Kaur**
Distt - Gurdaspur
Dob - 8 August 1991
Qualifications - MBA( Finance and HR)
Height - 5'1"
Looking for well settle Namdhari Jatt Sikh Boy either gov job or foreign settle

# ਲੁਧਿਆਣਾ ਸ਼ਹੀਦੀ ਸਮਾਰਕ ਮੇਲਾ











Date of Publication: 06 August 2022
Date of Posting: 08 August 2022

RNI NO.55658/93
LDM/008/2021-2023

## ਸਾਲਾਨਾ ਨਾਮ ਸਿਮਰਨ

# ਜਪੁ - ਪ੍ਰਯੋਗ

## ਸ੍ਰੀ ਭੈਣੀ ਸਾਹਿਬ

**ਆਰੰਭ:**

**17 ਸਤੰਬਰ 2022, ਦਿਨ ਸ਼ਨੀਵਾਰ , 1 ਅੱਸੂ 2079 ਬਿਕ੍ਰਮੀ**

**ਮੇਲਾ ਅੱਸੂ:**

**13,14,15 ਅਤੇ 16 ਅਕਤੂਬਰ 2022, ਦਿਨ ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ**

**ਭੋਗ:**

**17 ਅਕਤੂਬਰ 2022 ਦਿਨ ਸੋਮਵਾਰ 1 ਕੱਤਕ 2079 ਬਿਕ੍ਰਮੀ**

**ਆਸਾ ਦੀ ਵਾਰ ਸਮਾਪਤੀ ਅਤੇ ਅਨੰਦ ਕਾਰਜ**

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.